# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 14 ਫਰਵਰੀ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪਿਕਸ ਸੋਸਾਇਟੀ ਨੇ 'ਗੁਰੂ ਨਾਨਕ ਡਾਇਵਰਸਿਟੀ ਵਿਲੇਜ' ਲਈ 'ਔਪਟੀਮਾ ਲਿਵਿੰਗ' ਨੂੰ ਮੈਨੇਜਮੈਂਟ ਪਾਰਟਨਰ ਨਿਯੁਕਤ ਕੀਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ






ਸਰੀ, 14 ਫਰਵਰੀ : ਸਰੀ ਦੀ ਨਾਮਵਰ ਗੈਰ-ਲਾਭਕਾਰੀ ਸੰਸਥਾ 'ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼' (ਪਿਕਸ) ਸੋਸਾਇਟੀ ਨੇ ਆਪਣੇ ਆਉਣ ਵਾਲੇ 125 ਬਿਸਤਰਿਆਂ ਵਾਲੇ ਲੌਂਗ-ਟਰਮ ਕੇਅਰ ਫੈਸਿਲਿਟੀ, ਗੁਰੂ ਨਾਨਕ ਡਾਇਵਰਸਿਟੀ ਵਿਲੇਜ ਦੇ ਸੰਚਾਲਨ ਲਈ 'ਔਪਟੀਮਾ ਲਿਵਿੰਗ' ਨੂੰ ਅਧਿਕਾਰਤ ਮੈਨੇਜਮੈਂਟ ਪਾਰਟਨਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਇਹ ਪ੍ਰੋਜੈਕਟ ਖਾਸ ਤੌਰ 'ਤੇ ਦੱਖਣੀ ਏਸ਼ੀਆਈ ਬਜ਼ੁਰਗਾਂ ਦੀਆਂ ਸੱਭਿਆਚਾਰਕ ਅਤੇ ਸਮਾਜਿਕ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ।

1987 ਤੋਂ ਬੀ.ਸੀ. ਵਿੱਚ ਵੱਖ ਵੱਖ ਭਾਈਚਾਰਿਆਂ ਦੀ ਸੇਵਾ ਕਰ ਰਹੀ ਹੈ ਪਿਕਸ ਸੋਸਾਇਟੀ ਵੱਲੋਂ ਕਲੋਵਰਡੇਲ (6471 – 175ਏ ਸਟਰੀਟ, ਸਰੀ) ਵਿਖੇ ਇਸ ਵਿਸ਼ੇਸ਼ ਸਹੂਲਤ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਹ ਸੈਂਟਰ ਬਜ਼ੁਰਗਾਂ ਦੀ ਸੱਭਿਆਚਾਰਕ ਪਛਾਣ, ਭਾਸ਼ਾ ਅਤੇ ਪਰੰਪਰਾਵਾਂ ਦਾ ਸਤਿਕਾਰ ਕਰਦੇ ਹੋਏ ਇੱਕ ਸੁਰੱਖਿਅਤ ਅਤੇ ਸਰਬ ਸਾਂਝਾ ਮਾਹੌਲ ਪ੍ਰਦਾਨ ਕਰੇਗਾ। ਉਮੀਦ ਹੈ ਕਿ 2027 ਦੇ ਸ਼ੁਰੂ ਵਿੱਚ ਇੱਥੇ ਪਹਿਲੇ ਨਿਵਾਸੀਆਂ ਦਾ ਸੁਆਗਤ ਕੀਤਾ ਜਾਵੇਗਾ।

ਇਸ ਮੌਕੇ ਪਿਕਸ ਸੋਸਾਇਟੀ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਸਤਬੀਰ ਸਿੰਘ ਚੀਮਾ ਨੇ ਕਿਹਾ ਕਿ ਅਸੀਂ ਪੱਛਮੀ ਕੈਨੇਡਾ ਵਿੱਚ ਬਜ਼ੁਰਗਾਂ ਦੀ ਸੰਭਾਲ ਦੇ ਖੇਤਰ ਵਿੱਚ ਮੋਹਰੀ ਸੰਸਥਾ 'ਔਪਟੀਮਾ ਲਿਵਿੰਗ' ਨਾਲ ਭਾਈਵਾਲੀ ਕਰਕੇ ਬਹੁਤ ਖੁਸ਼ ਹਾਂ। ਉਹਨਾਂ ਦੀ ਕਦਰਾਂ-ਕੀਮਤਾਂ 'ਤੇ ਅਧਾਰਿਤ ਅਤੇ ਵਿਅਕਤੀਗਤ ਸੰਭਾਲ ਪ੍ਰਤੀ ਵਚਨਬੱਧਤਾ ਉਹਨਾਂ ਨੂੰ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਲਈ ਇੱਕ ਆਦਰਸ਼ ਭਾਈਵਾਲ ਬਣਾਉਂਦੀ ਹੈ।

ਔਪਟੀਮਾ ਲਿਵਿੰਗ ਦੇ ਸਹਿ-ਸੰਸਥਾਪਕ ਅਤੇ ਪ੍ਰਿੰਸੀਪਲ ਫਰੀਦ ਦਮਜੀ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਬਿਹਤਰ ਦੇਖਭਾਲ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਉਹਨਾਂ ਲੋਕਾਂ ਅਤੇ ਸੱਭਿਆਚਾਰਾਂ ਨੂੰ ਸਮਝਦੇ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਅਸੀਂ ਪਿਕਸ ਸੋਸਾਇਟੀ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਅਤੇ ਬਜ਼ੁਰਗਾਂ ਨੂੰ ਮਾਣ, ਸਤਿਕਾਰ ਅਤੇ ਅਪਣੱਤ ਮਹਿਸੂਸ ਕਰਵਾਉਣ ਵਾਲੀ ਦੇਖਭਾਲ ਪ੍ਰਦਾਨ ਕਰਨ ਲਈ ਮਾਣ ਮਹਿਸੂਸ ਕਰਦੇ ਹਾਂ।

ਜ਼ਿਕਰਯੋਗ ਹੈ ਕਿ 2007 ਵਿੱਚ ਸਥਾਪਿਤ ਹੋਈ 'ਔਪਟੀਮਾ ਲਿਵਿੰਗ' ਅੱਜ ਪੱਛਮੀ ਕੈਨੇਡਾ ਦੀਆਂ ਚੋਟੀ ਦੀਆਂ ਸੰਸਥਾਵਾਂ ਵਿੱਚੋਂ ਇੱਕ ਹੈ ਜੋ ਅਲਬਰਟਾ ਅਤੇ ਬੀ.ਸੀ. ਵਿੱਚ 4300 ਤੋਂ ਵੱਧ ਬਜ਼ੁਰਗਾਂ ਨੂੰ ਸੁਤੰਤਰ ਰਹਿਣ ਸਹਿਣ ਅਤੇ ਲੌਂਗ-ਟਰਮ ਕੇਅਰ ਵਰਗੀਆਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਉਹਨਾਂ ਦਾ ਆਪਣਾ ਵਿਸ਼ੇਸ਼ 'ਸਪਾਰਕ' ਬ੍ਰੇਨ ਹੈਲਥ ਮਾਡਲ ਵੀ ਬਹੁਤ ਮਕਬੂਲ ਹੈ। ਇਹ ਭਾਈਵਾਲੀ ਸਰੀ ਦੇ ਬਜ਼ੁਰਗਾਂ ਲਈ ਇੱਕ ਉੱਚ-ਪੱਧਰੀ, ਸੁਰੱਖਿਅਤ ਅਤੇ ਸੱਭਿਆਚਾਰਕ ਤੌਰ 'ਤੇ ਅਨੁਕੂਲ ਨਿਵਾਸ ਸਥਾਨ ਮੁਹੱਈਆ ਕਰਵਾਉਣ ਵੱਲ ਇੱਕ ਵੱਡਾ ਕਦਮ ਹੈ।

## ਗਲਤ, ਇੱਕ ਪਾਸੜ ਅਤੇ ਗੁੰਮਰਾਹਕੁੰਨ ਖਬਰਾਂ ਤੋਂ ਸੁਚੇਤ ਰਹਿਣ ਦੀ ਅਪੀਲ

### ਵੇਰਕਾ ਕੈਟਲ ਫੀਡ ਪਲਾਂਟ ਖੰਨਾ ਨੇ 350 ਕਰੋੜ ਦਾ ਮੁਨਾਫਾ ਕਮਾਇਆ :- ਜਨਰਲ ਮੈਨੇਜਰ

ਵਰਲਡ ਪੰਜਾਬੀ ਟਾਈਮਜ਼





ਖੰਨਾ 14 ਫਰਵਰੀ : ਵੇਰਕਾ ਕੈਟਲ ਫੀਡ ਪਲਾਂਟ ਬਾਰੇ ਕੁੱਝ ਮੀਡੀਆਂ ਹਾਉਸਿਸ ਅਤੇ ਕੁੱਝ ਵਿਕਤੀਗਤ ਪ੍ਰਿੰਟ ਅਤੇ ਇਕਲੈਕਟ੍ਰੋਨਕ ਮੀਡੀਆ ਵਿੱਚ ਪ੍ਰਸਾਰਿਤ ਅਣਅਧਿਕਾਰਤ ਖਬਰਾਂ ਦਾ ਵੇਰਕਾ ਕੈਟਲ ਫੀਡ ਮਨੈਜਮੈਂਟ ਨੇ ਜੋਰਦਾਰ ਖੰਡਨ ਕੀਤਾ ਹੈ। ਵੇਰਕਾ ਕੈਟਲ ਫੀਡ ਪਲਾਂਟ ਖੰਨਾਂ ਦੇ ਜਨਰਲ ਮੈਨੇਜਰ ਡਾ. ਸੁਰਜੀਤ ਸਿੰਘ ਭਦੌੜ ਵੱਲੋਂ ਜਾਰੀ ਪ੍ਰੈੱਸ ਨੋਟ ਵਿੱਚ ਸਮੂਹ ਮੀਡੀਆਂ ਨੂੰ ਗਲਤ, ਇੱਕ ਪਾਸੜ ਅਤੇ ਗੁਮਰਾਹ-ਕੁੰਨ ਖਬਰਾਂ ਛਾਪਣ ਅਤੇ ਪ੍ਰਸਾਰਿਤ ਕਰਨ ਤੋਂ ਗੁਰੇਜ ਕਰਨ ਦੀ ਬੇਨਤੀ ਕੀਤੀ ਗਈ ਹੈ। ਜਨਰਲ ਮੈਨੇਜਰ ਡਾ. ਸੁਰਜੀਤ ਸਿੰਘ ਭਦੌੜ ਨੇ ਦੱਸਿਆ ਕਿ ਵੇਰਕਾ ਕੈਟਲ ਫੀਡ ਪਲਾਂਟ ਖੰਨਾ ਵੱਲੋਂ ਪਿਛਲੇ 10 ਸਾਲ ਦੌਰਾਨ 350 ਕਰੋੜ ਦਾ ਮੁਨਾਫਾ ਕਮਾਇਆ ਗਿਆ ਅਤੇ ਪਿਛਲੇ ਸਾਲ 2024-25 ਦੌਰਾਨ 7.25 ਕਰੋੜ ਦਾ ਸਭ ਤੋਂ ਵੱਧ ਲਾਭ ਕਮਾਇਆ ਹੈ। ਉਕਤ ਮੁਨਾਫਾ ਮਿਲਕਫੈਡ ਦੀਆਂ ਦੁੱਧ ਸਹਿਕਾਰੀ ਸਭਾਵਾਂ ਰਾਹੀਂ ਵੇਰਕਾ ਦੀ ਪਸ਼ੂ-ਖੁਰਾਕ ਵਰਤਣ ਵਾਲੇ ਦੁੱਧ ਉਤਪਾਦਕਾਂ ਨੂੰ ਵਾਪਿਸ ਭੇਜਿਆ ਜਾਂਦਾ ਹੈ । ਉਨ੍ਹਾਂ ਦੱਸਿਆਂ ਕਿ ਮੀਡੀਆ ਦੇ ਇੱਕ ਹਿੱਸੇ ਵੱਲੋਂ ਵੇਰਕਾ ਕੈਟਲ ਫੀਡ ਪਲਾਂਟ ਨੂੰ ਘਾਟੇ ਵਿੱਚ ਦੱਸਿਆ ਗਿਆ ਹੈ ਅਤੇ ਇਸ ਘਾਟੇ ਦੀ ਰਿਕਵਰੀ ਵਰਕਰਾਂ ਤੋਂ ਕੀਤੀ ਜਾਣ ਸਬੰਧੀ ਗਲਤ ਖਬਰ ਅਤੇ ਜਾਣਕਾਰੀ ਮੁਹੱਈਆਂ ਕਰਵਾਈ ਗਈ ਹੈ । ਉਹਨਾਂ ਨੇ ਇਹ ਗਲਤ ਸੂਚਨਾ ਦੀ ਕਾਰਵਾਈ ਦਾ ਖੰਡਨ ਕਰਦਿਆ ਦੱਸਿਆ ਹੈ ਕਿ ਇਹ ਵਰਕਰਾਂ ਤੋਂ ਕੀਤੀ ਜਾਣ ਵਾਲੀ ਇਹ ਰਿਕਵਰੀ ਸਬੰਧਿਤ ਸੇਵਾ ਪ੍ਰਦਾਤਾ ਕੰਪਨੀ ਵੱਲੋਂ ਉਸਦੇ ਵਰਕਰਾਂ ਵੱਲੋਂ ਅਣਅਧਿਕਾਰਤ ਹੜਤਾਲ ਦੇ ਕਾਰਨ ਕੈਟਲ ਫੀਡ ਪਲਾਂਟ ਨੂੰ ਹੋਏ ਘਾਟੇ ਨਾਲ ਸਬੰਧਿਤ ਸੀ ।

ਜੀ ਐਮ ਡਾ. ਭਦੌੜ ਨੇ ਇਹ ਸਪਸ਼ਟ ਕੀਤਾ ਕਿ ਵੇਰਕਾ ਕੈਟਲ ਫੀਡ ਪਲਾਂਟ ਖੰਨਾ ਵਿਖੇ ਸੇਵਾਵਾਂ ਦੇ ਰਹੀ ਕੰਪਨੀ ਦੇ ਆਊਟਸੋਰਸ ਵਰਕਰਾਂ ਵੱਲੋ ਆਪਣੇ ਨਿੱਜੀ ਹਿੱਤਾ ਨੂੰ ਦੇਖਦਿਆਂ ਵੇਰਕਾ ਕੈਟਲ ਫੀਡ ਪਲਾਂਟ ਨੂੰ ਘਾਟਾ ਪੈਣ ਦੀਆਂ ਅਣਅਧਿਕਾਰਤ , ਝੂੱਠੀਆਂ ਅਤੇ ਗੁੰਮਰਾਹ -ਕੁੰਨ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ, ਜਦੋਂ ਕਿ ਵੇਰਕਾ ਕੈਟਲ ਫੀਡ ਪਲਾਂਟ ਪਿਛਲੇ 10 ਸਾਲ ਦੇ ਰਿਕਾਰਡ ਅਨੁਸਾਰ ਕਦੇ ਵੀ ਵਿੱਤੀ ਘਾਟੇ ਵਿੱਚ ਨਹੀਂ ਆਇਆ ਹੈ । ਪ੍ਰੰਤੂ ਜਿੰਮੇਵਾਰ ਸਮਝੇ ਜਾਣ ਵਾਲੇ ਕੁੱਝ ਵਿਅਕਤੀਗਤ ਫੇਸ-ਬੁੱਕ, ਯੂਟਿਊਬ ਅਤੇ ਪ੍ਰਿੰਟ ਮੀਡੀਆ ਰਾਹੀਂ ਸੋਸ਼ਲ ਮੀਡੀਆ ਕਰਮੀਆਂ ਵੱਲੋਂ ਬਿਨਾਂ ਪੜਤਾਲ ਕੀਤਿਆ ਸ਼ੋਸ਼ਲ ਮੀਡੀਆ ਤੇ ਦੁਰ-ਪ੍ਰਚਾਰ ਫੈਲਾਇਆ ਜਾ ਰਿਹਾ ਹੈ । ਜਿਸ ਕਰਕੇ ਪੰਜਾਬ ਦੇ ਦੁੱਧ ਉਤਪਾਦਕਾਂ ਦੇ ਇਸ ਸਹਿਕਾਰੀ ਸੰਸਥਾ ਦੇ ਅਕਸ਼ ਨੂੰ ਢਾਅ ਲਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਇਸ ਲਈ ਜਨਰਲ ਮੈਨੇਜਰ ਕੈਟਲ ਫੀਡ ਪਲਾਂਟ ਨੇ ਸਮੂਹ ਇਲੈਕਟ੍ਰੋਨਕ ਪ੍ਰਿੰਟ ਅਤੇ ਸ਼ੋਸ਼ਲ ਮੀਡੀਆ ਨੂੰ ਬੇਨਤੀ ਕੀਤੀ ਕਿ ਅਜਿਹੀਆਂ ਕੋਈ ਵੀ ਅਣਅਧਿਕਾਰਤ ਖਬਰਾਂ ਨੂੰ ਪ੍ਰਸਾਰਿਤ ਕਰਨ ਤੋਂ ਪਹਿਲਾਂ ਵੇਰਕਾ ਕੈਟਲ ਫੀਡ ਦੀ ਮੈਨੇਜਮੈਂਟ ਨਾਲ ਜਰੂਰ ਰਾਬਤਾ ਕਰ ਲਿਆ ਜਾਵੇ ਤਾਂ ਕਿ ਲੋਕਾਂ ਨੂੰ ਪ੍ਰੈਸ ਮੀਡੀਆਂ ਦੇ ਰਾਹੀਂ ਸਹੀ, ਸੱਚੀ ਅਤੇ ਅਧਿਕਾਰਤ ਜਾਣਕਾਰੀ ਪ੍ਰਾਪਤ ਹੋ ਸਕੇ।

## ਐੱਚ.ਐੱਸ. ਬੇਦੀ ਦੀ ਪੋਤਰੀ ਇਨਾਇਤ ਨੇ ਸ਼ਹਿਰ ਦਾ ਨਾਂਅ ਚਮਕਾਇਆ : ਢੋਸੀਵਾਲ

### ਅੰਤਰ ਰਾਸ਼ਟਰੀ ਸਕੇਟਿੰਗ ਮੁਕਾਬਲੇ ਲਈ ਹੋਈ ਚੋਣ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ



ਸ੍ਰੀ ਮੁਕਤਸਰ ਸਾਹਿਬ 14 ਫਰਵਰੀ : ਸ਼ਹਿਰ ਦੀ ਸਭ ਤੋਂ ਪੁਰਾਣੀ ਬੇਦੀ ਨਿਊਜ਼ ਏਜੰਸੀ ਦੇ ਮਾਲਕ ਅਤੇ ਪ੍ਰਸਿੱਧ ਪੱਤਰਕਾਰ ਹਰਮਹਿੰਦਰ ਪਾਲ ਸਿੰਘ ਬੇਦੀ ਦੀ ਪੋਤਰੀ ਇਨਾਇਤ ਕੌਰ ਬੇਦੀ ਅੰਤਰ ਰਾਸ਼ਟਰੀ ਸਕੇਟਿੰਗ ਮੁਕਾਬਲੇ ਲਈ ਚੁਣੀ ਗਈ ਹੈ। ਛੇ ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੇ ਚੇਨਈ ਵਿਖੇ ਹੋਏ ਮੁਕਾਬਲੇ ਵਿੱਚ ਜੇਤੂ ਰਹਿ ਕੇ ਇਨਾਇਤ ਦੀ ਉਕਤ ਮੁਕਾਬਲੇ ਲਈ ਚੋਣ ਹੋਈ ਹੈ। ਹੋਣਹਾਰ ਬਿਰਵਾਨ ਕੇ ਚਿਕਨੇ-ਚਿਕਨੇ ਪਾਤ ਦੀ ਕਹਾਵਤ ਨੂੰ ਸੱਚ ਸਾਬਤ ਕਰਦੇ ਹੋਏ ਇਸ ਮਾਣਮੱਤੀ ਚੋਣ ਨਾਲ ਇਨਾਇਤ ਨੇ ਸਮੁੱਚੇ ਸ਼ਹਿਰ ਅਤੇ ਇਲਾਕੇ ਦਾ ਨਾਂਅ ਚਮਕਾਇਆ ਹੈ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਿਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਇਨਾਇਤ (ਸਪੁੱਤਰੀ ਧਨਮੀਤ ਸਿੰਘ ਬੇਦੀ ਅਤੇ ਨਿਧੀ ਬੇਦੀ) ਦੀ ਅੰਤਰ ਰਾਸ਼ਟਰੀ ਪੱਧਰ ਦੀ ਇਸ ਸ਼ਾਨਦਾਰ ਚੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਮੁੱਚੇ ਬੇਦੀ ਪਰਿਵਾਰ ਨੂੰ ਵਧਾਈ ਦਿੱਤੀ ਹੈ। ਢੋਸੀਵਾਲ ਨੇ ਕਿਹਾ ਹੈ ਕਿ ਇਨਾਇਤ ਵਰਗੇ ਪ੍ਰਤਿਭਾਸ਼ਾਲੀ ਛੋਟੇ ਬੱਚੇ ਹੀ ਵੱਡੇ ਹੋ ਕੇ ਭਵਿੱਖ ਵਿੱਚ ਦੇਸ਼ ਦਾ ਨਾਂਅ ਰੋਸ਼ਨ ਕਰਦੇ ਹਨ। ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਡਾ. ਸੁਰਿੰਦਰ ਗਿਰਧਰ ਤੇ ਪ੍ਰਦੀਪ ਧੁੜੀਆ (ਦੋਵੇਂ ਪੈਟਰਨ), ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਲੋਕ ਸੰਪਰਕ ਵਿੰਗ ਦੇ ਡਿਪਟੀ ਡਾਇਰੈਕਟਰ ਵਿਜੇ ਸਿਡਾਨਾ, ਡਿਪਟੀ ਡਾਇਰੈਕਟਰ ਸਾਹਿਲ ਕਾਰ ਹੈਪੀ, ਸੀਨੀਅਰ ਆਗੂ ਤੇ ਨਗਰ ਕੌਂਲ ਦੇ ਸਾਬਕਾ ਉਪ ਪ੍ਰਧਾਨ ਰਵਿੰਦਰ ਕਟਾਰੀਆ, ਬਲਜੀਤ ਸਿੰਘ ਅਰੋੜਾ,ਚੌ: ਬਲਬੀਰ ਸਿੰਘ ਸਮੇਤ ਰਜਿੰਦਰ ਖੁਰਾਣਾ ਅਤੇ ਵਿਕ੍ਰਾਂਤ ਤੇਰੀਆ ਨੇ ਵੀ ਇਨਾਇਤ ਦੀ ਚੋਣ 'ਤੇ ਬੇਦੀ ਪਰਿਵਾਰ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਢੋਸੀਵਾਲ ਨੇ ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਮਿਸ਼ਨ ਵੱਲੋਂ ਜਲਦੀ ਹੀ ਇਨਾਇਤ ਨੂੰ ਸਨਮਾਨਿਤ ਕੀਤਾ ਜਾਵੇਗਾ।

## ਸਰੀ ਵਿੱਚ 'ਸਿਟੀ ਰੀਚ ਕੇਅਰ ਸੋਸਾਇਟੀ' ਦਾ 'ਫੂਡ ਫਾਰ ਫੈਮਿਲੀਜ਼' ਪ੍ਰੋਗਰਾਮ ਹਜ਼ਾਰਾਂ ਪਰਿਵਾਰਾਂ ਲਈ ਆਸ ਦੀ ਕਿਰਨ – ਮਨਦੀਪ ਧਾਲੀਵਾਲ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 14 ਫਰਵਰੀ : ਸਰੀ ਸ਼ਹਿਰ ਵਿੱਚ ਸਿਟੀ ਰੀਚ ਕੇਅਰ ਸੋਸਾਇਟੀ ਵੱਲੋਂ ਚਲਾਇਆ ਜਾ ਰਿਹਾ "ਫੂਡ ਫਾਰ ਫੈਮਿਲੀਜ਼" ਪ੍ਰੋਗਰਾਮ ਹਜ਼ਾਰਾਂ ਜ਼ਰੂਰਤਮੰਦ ਪਰਿਵਾਰਾਂ ਲਈ ਸਹਾਰਾ ਬਣਿਆ ਹੋਇਆ ਹੈ। ਬੀਤੇ ਦਿਨ ਐਮ.ਐਲ.ਏ. ਮਨਦੀਪ ਧਾਲੀਵਾਲ ਨੇ ਸਰੀ ਦੇ ਡਿਸਟ੍ਰੀਬਿਊਸ਼ਨ ਸਥਾਨ ਦਾ ਦੌਰਾ ਕਰਦਿਆਂ ਇਸ ਸੰਸਥਾ ਦੇ ਸਟਾਫ਼ ਅਤੇ ਸੇਵਾਦਾਰਾਂ ਦੀ ਸੇਵਾ ਭਾਵਨਾ ਦੀ ਭਰਪੂਰ ਸ਼ਲਾਘਾ ਕੀਤੀ।

ਉਨ੍ਹਾਂ ਦੱਸਿਆ ਕਿ ਸਿਟੀ ਰੀਚ ਕੇਅਰ ਸੋਸਾਇਟੀ ਹਰ ਹਫ਼ਤੇ ਸਥਾਨਕ ਗ੍ਰੋਸਰੀ ਸਟੋਰਾਂ ਅਤੇ ਫ਼ਾਰਮਾਂ ਤੋਂ ਤਾਜ਼ਾ ਅਤੇ ਸਿਹਤਮੰਦ ਖੁਰਾਕ ਬਚਾ ਕੇ 4,500 ਤੋਂ ਵੱਧ ਨਾਜ਼ੁਕ ਹਾਲਾਤਾਂ ਵਿੱਚ ਰਹਿ ਰਹੇ ਲੋਕਾਂ ਤੱਕ ਮੁਫ਼ਤ ਪਹੁੰਚਾਉਂਦੀ ਹੈ। ਪਿਛਲੇ ਸਾਲ ਇਸ ਪ੍ਰੋਗਰਾਮ ਤਹਿਤ 1.4 ਮਿਲੀਅਨ ਪੌਂਡ ਖੁਰਾਕ ਲੈਂਡਫ਼ਿਲ ਵਿੱਚ ਜਾਣ ਤੋਂ ਬਚਾਈ, 800 ਤੋਂ ਵੱਧ ਸਥਾਨਕ ਪਰਿਵਾਰਾਂ ਨੂੰ 58,000 ਤਾਜ਼ਾ ਫੂਡ ਹੈਂਪਰ ਮੁਹੱਈਆ ਕਰਵਾਏ ਅਤੇ 40 ਲੱਖ ਡਾਲਰ ਤੋਂ ਵੱਧ ਮੁੱਲ ਦੀ ਖੁਰਾਕ ਬਚਾਈ।

ਸੰਸਥਾ ਦੇ ਸਾਥੀ ਸੀਡਰ ਗਰੋਵ ਅਤੇ ਬਰੌਡਵੇਅ ਚਰਚ ਦੇ ਸਮਰਪਿਤ ਵਲੰਟੀਅਰਾਂ ਦੀ ਮਿਹਨਤ ਨਾਲ ਹਰ ਇੱਕ ਡਾਲਰ ਦੇ ਦਾਨ ਨਾਲ ਲਗਭਗ 10 ਡਾਲਰ ਮੁੱਲ ਦੀ ਖੁਰਾਕ ਬਚਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਚਿੰਤਾਜਨਕ ਹੈ ਕਿ ਏਨੇ ਮਹੱਤਵਪੂਰਨ ਪ੍ਰੋਗਰਾਮ ਨੂੰ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਫੰਡਿੰਗ ਪ੍ਰਾਪਤ ਨਹੀਂ ਹੈ।

ਐਮ.ਐਲ.ਏ. ਮਨਦੀਪ ਧਾਲੀਵਾਲ ਨੇ ਕਿਹਾ ਕਿ ਖੁਰਾਕ ਸੁਰੱਖਿਆ ਹਰ ਪਰਿਵਾਰ ਦਾ ਮੂਲ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਇਸਨੂੰ ਸਰੀ ਸਮੇਤ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਪਹਿਲ ਬਣਾਉਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਸਿਟੀ ਰੀਚ ਕੇਅਰ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਕੰਮ ਨੂੰ ਨੇੜੀਓਂ ਦੇਖਣਾ ਪ੍ਰੇਰਣਾਦਾਇਕ ਅਨੁਭਵ ਹੈ ਅਤੇ ਇਹ ਸੰਸਥਾ ਸੱਚਮੁੱਚ ਕਮਿਊਨਿਟੀ ਵਿੱਚ ਵੱਡਾ ਯੋਗਦਾਨ ਪਾ ਰਹੀ ਹੈ।

## ਪੰਜਾਬ ਰਾਜਪਾਲ ਗੁਲਾਬ ਚੰਦ ਕਟਾਰੀਆ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ

### ਏਮਜ਼ ਬਠਿੰਡਾ ਵਿਖੇ ਮਰੀਜ਼ਾਂ ਲਈ ਬਣਾਏ ਰੈਣ ਬਸੇਰੇ ਦਾ ਕੀਤਾ ਦੌਰਾ

### ਨਸ਼ਾ ਵਿਰੋਧੀ ਜਾਗਰੂਕਤਾ ਮਾਰਚ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਦੱਸਿਆ ਅਹਿਮ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 14 ਫ਼ਰਵਰੀ : ਪੰਜਾਬ ਦੇ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਨਤਮਸਤਕ ਹੋ ਕੇ ਮੱਥਾ ਟੇਕਿਆ।

ਇਸ ਤੋਂ ਪਹਿਲਾਂ, ਉਨ੍ਹਾਂ ਨੇ ਏਮਜ਼ ਬਠਿੰਡਾ ਦੇ ਬਾਹਰ ਮਰੀਜ਼ਾਂ ਲਈ ਬਣੇ ਰੈਣ ਬਸੇਰੇ ਦਾ ਦੌਰਾ ਕੀਤਾ। ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਵੇਦ ਕੁਮਾਰੀ ਮਿੱਤਲ ਮਰੀਜ਼ ਸ਼ੈਲਟਰ ਹੋਮ ਦੀ ਤਿੰਨ ਮੰਜ਼ਿਲਾ ਇਮਾਰਤ ਦਾ ਚੱਕਰ ਲਾਇਆ ਜਿਸ ਵਿੱਚ 256 ਬੈੱਡਾਂ ਦੀ ਸੁਵਿਧਾ ਹੈ।

ਮੀਡੀਆ ਨੂੰ ਸੰਬੋਧਨ ਕਰਦਿਆਂ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਦੁਆਰਕਾ ਦਾਸ ਮਿੱਤਲ ਚੈਰੀਟੇਬਲ ਟਰੱਸਟ ਵੱਲੋਂ ਹੋਮ ਚਲਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸੁਵਿਧਾ ਏਮਜ਼ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਬਰਾਂ ਜਿਹੜੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਨਾਲ ਆਉਂਦੇ ਹਨ ਦੇ ਰਹਿਣ-ਸਹਿਣ ਅਤੇ ਭੋਜਨ ਦੀ ਲੋੜ ਪੂਰੀ ਕਰਦੀ ਹੈ। ਲੋਕਾਂ ਨੂੰ ਘੱਟ ਕੀਮਤ 'ਤੇ ਭੋਜਨ ਵੀ ਦਿੱਤਾ ਜਾਂਦਾ ਹੈ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਨਸ਼ੇ ਦੇ ਵਿਰੋਧ ਵਿੱਚ ਨਿਡਰ ਹੋ ਕੇ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਚ ਸਮਾਜ ਦੇ ਹਰ ਇੱਕ ਵਰਗ ਵੱਲੋਂ ਆਪਣਾ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ।

ਮੱਥਾ ਟੇਕਣ ਉਪਰੰਤ ਰਾਜਪਾਲ ਪੰਜਾਬ ਸ਼੍ਰੀ ਗੁਲਾਬ ਚੰਦ ਕਟਾਰੀਆ ਨੂੰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਨਰਿੰਦਰਜੀਤ ਸਿੰਘ ਮੈਨੇਜਰ ਤਖਤ ਸ੍ਰੀ ਦਮਦਮਾ ਸਾਹਿਬ ਵੱਲੋਂ ਸਿਰਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਹਾਜ਼ਰੀਨ ਵਿੱਚ ਵਿਸ਼ੇਸ਼ ਤੌਰ ਤੇ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ, ਡੀਆਈਜੀ ਸ਼੍ਰੀ ਹਰਜੀਤ ਸਿੰਘ, ਐੱਸਐੱਸਪੀ ਡਾ. ਜਯੋਤੀ ਯਾਦਵ ਬੈਂਸ, ਐੱਸਡੀਐੱਮ ਬਠਿੰਡਾ ਸ਼੍ਰੀ ਬਲਕਰਨ ਸਿੰਘ, ਐਸਡੀਐਮ ਤਲਵੰਡੀ ਸਾਬੋ ਸ਼੍ਰੀ ਪੰਕਜ ਕੁਮਾਰ, ਮਿੱਤਲ ਗਰੁੱਪ ਦੇ ਚੇਅਰਮੈਨ ਸ਼੍ਰੀ ਰਾਜਿੰਦਰ ਮਿੱਤਲ ਅਤੇ ਹੋਰ ਸ਼ਾਮਲ ਸਨ।

## ਜਿਥੇ ਇਮਾਨਦਾਰੀ ਹੁੰਦੀ ਹੈ , ਓਥੇ ਵਾਹਿਗੁਰੂ ਆਪ ਹਾਜ਼ਰ ਹੁੰਦਾ ਹੈ :- ਪ੍ਰਧਾਨ ਸੁਖਵਿੰਦਰ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ



ਫ਼ਰੀਦਕੋਟ 14 ਫਰਵਰੀ : ਅੱਜ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਦੇ ਸਕਿਉਰਟੀ ਗਾਰਡ ਇੰਪਲਾਈਜ ਯੂਨੀਅਨ ਫ਼ਰੀਦਕੋਟ ਦੇ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਜੀ , ਜੋ ਆਪਣੀ ਡਿਊਟੀ ਤੋ ਬਾਅਦ ਆਪਣੇ ਗੁਜਾਰੇ ਲਈ ਆਟੋ ਚਾਲਕ ਵਜੋ ਕੰਮ ਕਰਦੇ ਨੇ। ਜਦੋ ਡਿਊਟੀ ਤੋ ਬਾਅਦ ਓਹ ਆਪਣੇ ਆਟੋ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿੱਚ ਦਾਖਲ ਮਰੀਜ ਦਾ ਪਤਾ ਲੈਣ ਆਈ ਓਨਾਂ ਦੀ ਰਿਸ਼ਤੇਦਾਰ ਮਨਪ੍ਰੀਤ ਕੌਰ ਜੋ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲੇ ਨਾਲ ਸਬੰਧਤ ਹੈ, ਮਰੀਜ ਦਾ ਹਾਲ ਜਾਣਨ ਤੋ ਬਾਅਦ ਵਾਪਸ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਦੇ ਆਟੋ ਵਿਚ ਬੈਠ ਕੇ ਜਾ ਰਹੇ ਸੀ ਤਾਂ ਆਪਣਾ ਕੀਮਤੀ ਮੋਬਾਈਲ ਆਟੋ ਦੀ ਪਿਛਲੀ ਸੀਟ ਤੇ ਭੁੱਲ ਗਏ, ਜਦੋ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਛੱਡ ਵਾਪਸ ਮੈਡੀਕਲ ਹਸਪਤਾਲ ਪਹੁੰਚੇ ਤਾਂ ਮੋਬਾਈਲ ਦੀ ਘੰਟੀ ਵੱਜੀ।ਓਨਾਂ ਮੋਬਾਈਲ ਚੁੱਕਿਆ ਤੇ ਦੱਸਿਆ ਮੋਬਾਈਲ ਓਨਾਂ ਪਾਸ ਆ ਕੇ ਲੈ ਜਾਣ ਤਾਂ ਓਨਾਂ ਨੂੰ ਸਾਥੀਆਂ ਦੀ ਹਾਜਰੀ ਵਿਚ ਮੋਬਾਈਲ ਵਾਪਸ ਕੀਤਾ। ਓਨਾਂ ਨੇ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਜੀ ਦਾ ਦਿਲੋ ਧੰਨਵਾਦ ਕੀਤਾ। ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਜੀ ਨੇ ਕਿਹਾ ਕਿ ਜਿਥੇ ਇਮਾਨਦਾਰੀ ਹੁੰਦੀ ਹੈ ਓਥੇ ਵਾਹਿਗੁਰੂ ਆਪ ਹਾਜ਼ਰ ਹੁੰਦਾ ਹੈ। ਇਹ ਜਾਣਕਾਰੀ ਪ੍ਰੈਸ ਨਾਲ ਯੂਨੀਅਨ ਦੇ ਜਨਰਲ ਸਕੱਤਰ ਤੇ ਫਿਲਮ ਜਰਨਲਿਸਟ ਸ਼ਿਵਨਾਥ ਦਰਦੀ ਜੀ ਨੇ ਸਾਂਝੀ ਕੀਤੀ ।

ਇਸ ਸਮੇ ਸਕਿਉਰਟੀ ਗਾਰਡ ਬਾਬਾ ਸਾਮ ਸਿੰਘ, ਮਨਵੀਰ ਸਿੰਘ, ਚਮਕੌਰ ਸਿੰਘ , ਕਰਨ ਕੁਮਾਰ ਤੇ ਸਫਾਈ ਸੇਵਕ ਰਵੀ ਕੁਮਾਰ ਹਾਜ਼ਰ ਸਨ।

## ਸਾਡਾ ਮਨ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ



ਜਦੋਂ ਅਸੀਂ ਨਾਮ ਜਪਦੇ ਹਾਂ ਉਸ ਵਕਤ ਸਾਡਾ ਮਨ ਘੁੰਮਦਾ ਰਹਿੰਦਾ ਹੈ। ਜਦੋਂ ਪੈਸੇ ਗਿਣਦੇ ਹਾਂ ਤਾਂ ਉਸ ਵਕਤ ਪੈਸੇ ਤੇ ਹੀ ਟਿਕਦਾ ਹੈ। ਕਿਉਂ?*

ਇਹ ਇੱਕ ਬਹੁਤ ਹੀ ਗੂੜ੍ਹਾ ਸਵਾਲ ਹੈ। ਇਸ ਦਾ ਜਵਾਬ ਇਹ ਹੈ ਕਿ ਜਦੋਂ ਅਸੀਂ ਨਾਮ ਜਪਦੇ ਹਾਂ, ਤਾਂ ਸਾਡਾ ਮਨ ਘੁੰਮਦਾ ਰਹਿੰਦਾ ਹੈ ਕਿਉਂਕਿ ਸਾਡੇ ਮਨ ਵਿੱਚ ਮਾਇਆ ਦੇ ਮੋਹ ਦਾ ਪ੍ਰਭਾਵ ਹੁੰਦਾ ਹੈ। ਸਾਡਾ ਮਨ ਸੰਸਾਰਿਕ ਵਿਚਾਰਾਂ ਵਿੱਚ ਫਸਿਆ ਰਹਿੰਦਾ ਹੈ ਅਤੇ ਨਾਮ ਜਪਣ ਦੌਰਾਨ ਵੀ ਸਾਡੇ ਮਨ ਵਿੱਚ ਵਿਚਾਰਾਂ ਆਉਂਦੀਆਂ ਰਹਿੰਦੀਆਂ ਹਨ।

ਦੂਜੇ ਪਾਸੇ, ਜਦੋਂ ਅਸੀਂ ਪੈਸੇ ਗਿਣਦੇ ਹਾਂ, ਤਾਂ ਸਾਡਾ ਮਨ ਪੈਸੇ ਤੇ ਹੀ ਟਿਕਦਾ ਹੈ ਕਿਉਂਕਿ ਪੈਸੇ ਗਿਣਨਾ ਇੱਕ ਸੰਕੇਤਿਕ ਕੰਮ ਹੈ ਜਿਸ ਵਿੱਚ ਸਾਡੇ ਮਨ ਨੂੰ ਕਿਸੇ ਵਿਸ਼ੇਸ਼ ਵਿਚਾਰ ਤੇ ਧਿਆਨ ਕੇਂਦਰਿਤ ਕਰਨਾ ਪੈਂਦਾ ਹੈ। ਇਸ ਤਰ੍ਹਾਂ, ਸਾਡਾ ਮਨ ਪੈਸੇ ਤੇ ਹੀ ਟਿਕਦਾ ਹੈ ਅਤੇ ਹੋਰ ਵਿਚਾਰਾਂ ਤੋਂ ਦੂਰ ਰਹਿੰਦਾ ਹੈ।

ਇਸ ਤਰ੍ਹਾਂ, ਨਾਮ ਜਪਣ ਅਤੇ ਪੈਸੇ ਗਿਣਨ ਦੇ ਵਿੱਚ ਇੱਕ ਮੁੱਖ ਅੰਤਰ ਹੈ। ਨਾਮ ਜਪਣ ਵਿੱਚ ਸਾਡਾ ਮਨ ਘੁੰਮਦਾ ਰਹਿੰਦਾ ਹੈ ਕਿਉਂਕਿ ਸਾਡੇ ਮਨ ਵਿੱਚ ਮਾਇਆ ਦੇ ਮੋਹ ਦਾ ਪ੍ਰਭਾਵ ਹੁੰਦਾ ਹੈ, ਜਦੋਂ ਕਿ ਪੈਸੇ ਗਿਣਨ ਵਿੱਚ ਸਾਡਾ ਮਨ ਪੈਸੇ ਤੇ ਹੀ ਟਿਕਦਾ ਹੈ ਕਿਉਂਕਿ ਇਹ ਇੱਕ ਸੰਕੇਤਿਕ ਕੰਮ ਹੈ ਜਿਸ ਵਿੱਚ ਸਾਡੇ ਮਨ ਨੂੰ ਕਿਸੇ ਵਿਸ਼ੇਸ਼ ਵਿਚਾਰ ਤੇ ਧਿਆਨ ਕੇਂਦਰਿਤ ਕਰਨਾ ਪੈਂਦਾ ਹੈ।

## ਬੰਦੇ ਕਿਹੜੇ ਹੋਣਗੇ!

ਵਰਲਡ ਪੰਜਾਬੀ ਟਾਈਮਜ਼
ਮੰਗਤ ਸਿੰਘ ਲੌਂਗੋਵਾਲ

ਜੋ ਵੱਸਦੇ ਉਜਾੜ ਦੇਵੇ ਦੰਦੇ ਕਿਹੜੇ ਹੋਣਗੇ,,

ਜਮੀਰਾਂ ਨੂੰ ਜੋ ਮਾਰ ਦੇਵੇ ਧੰਦੇ ਕਿਹੜੇ

ਅਕਲਾਂ ਨੂੰ ਵੱਜੇ ਹੋਏ ਜੰਦੇ ਕਿਹੜੇ ਹੋਣਗੇ,,

ਮਾੜੇ ਕਿਹੜੇ ਹੋਣਗੇ ਤੇ ਚੰਗੇ ਕਿਹੜੇ ਹੋਣਗੇ,,

ਰੱਬ ਨੂੰ ਜੋ ਯਾਰ ਕਹਿੰਦੇ ਬੰਦੇ ਕਿਹੜੇ ਹੋਣਗੇ?

"ਹਾਥ ਦੀਪ ਕੂਆਂ ਪਰੈ" ਅੰਧੇ ਕਿਹੜੇ ਹੋਣਗੇ,,

ਮੌਤ ਨਾਲੋਂ ਨੇੜੇ ਦੱਸ ਹੰਦੇ ਕਿਹੜੇ ਹੋਣਗੇ,,

ਸੋਚ ਕਦੇ! ਅੰਤ ਵੇਲੇ ਕੰਧੇ ਕਿਹੜੇ ਹੋਣਗੇ,,

ਮਾੜੇ ਕਿਹੜੇ ਹੋਣਗੇ ਤੇ ਚੰਗੇ ਕਿਹੜੇ ਹੋਣਗੇ,,

ਰੱਬ ਨੂੰ ਜੋ ਯਾਰ ਕਹਿੰਦੇ ਬੰਦੇ ਕਿਹੜੇ ਹੋਣਗੇ?

ਅੰਤ ਵੇਲੇ ਗਲ਼ ਵਿੱਚ ਫੰਦੇ ਕਿਹੜੇ ਹੋਣਗੇ,,

ਮੇਰੇ ਨਾਲੋਂ ਸੋਚ ਵਿੱਚ ਗੰਦੇ ਕਿਹੜੇ ਹੋਣਗੇ,,

ਰਾਣੇ ਦੱਸ ਤੇਰੇ ਨਾਲੋਂ ਮੰਦੇ ਕਿਹੜੇ ਹੋਣਗੇ,,

ਮਾੜੇ ਕਿਹੜੇ ਹੋਣਗੇ ਤੇ ਚੰਗੇ ਕਿਹੜੇ ਹੋਣਗੇ,,

ਰੱਬ ਨੂੰ ਜੋ ਯਾਰ ਕਹਿੰਦੇ ਬੰਦੇ ਕਿਹੜੇ ਹੋਣਗੇ?

## ਸਿਪਾਹੀ




ਵਰਲਡ ਪੰਜਾਬੀ ਟਾਈਮਜ਼
ਚਮਨਦੀਪ ਸ਼ਰਮਾ

ਚੌਂਕ ਵਿੱਚ ਖੜ੍ਹਾ ਹੋ ਕੇ ਸਿਪਾਹੀ,

ਤੋਰੀ ਜਾਏ ਲੋਕਾਂ ਨੂੰ ਸਿੱਧੇ ਰਾਹੀ।

ਹੱਥਾਂ ਨਾਲ ਕਰਕੇ ਓਹ ਇਸ਼ਾਰੇ,

ਇੱਕਦਮ ਰੋਕਦੇ ਵਹੀਕਲ ਸਾਰੇ।

ਨਿਯਮਾਂ ਨੂੰ ਜੋ ਛਿੱਕੇ ਹੈ ਟੰਗਦਾ,

ਸਿਪਾਹੀ ਉਸਦਾ ਚਲਾਨ ਕੱਟਦਾ।

ਬੜੀ ਸਖ਼ਤ ਡਿਊਟੀ ਨਿਭਾਉਂਦਾ,

ਧੁੱਪ, ਮੀਂਹ ਤੋਂ ਨਾ ਘਬਰਾਉਂਦਾ।

ਦੱਸਦਾ ਲੋਕਾਂ ਨੂੰ ਮਾਰ ਕੇ ਸੀਟੀ,

ਕਰਦਾ ਰਹੇ ਸਾਰਾ ਦਿਨ ਪੀਟੀ।

ਵਰਦੀ 'ਚ ਮੈਨੂੰ ਸੋਹਣਾ ਲੱਗਦਾ,

ਡਿਊਟੀ ਉੱਤੇ ਭੋਰਾ ਨਹੀਂ ਥੱਕਦਾ।

ਅਫਸਰਾਂ ਨੂੰ ਵੇਖ ਮਾਰਦਾ ਸਲੂਟ,

ਸਾਰਿਆਂ ਨਾਲ ਕਰੇ ਚੰਗਾ ਸਲੂਕ।

ਸਿਪਾਹੀ ਨੂੰ ਜੇ ਕਰੀਏ ਸਹਿਯੋਗ,

ਦੁਰਘਟਨਾਵਾਂ ਦਾ ਪੈ ਜਾਣਾ ਭੋਗ।

## ਸਰੀਰ ਦੀ ਸਫਾਈ/ ਬਾਲ ਕਵਿਤਾ




ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਜੋ ਆਪਣੇ ਸਰੀਰ ਦੀ ਰੱਖਣ ਸਫਾਈ,
ਉਨ੍ਹਾਂ ਦੇ ਨੇੜੇ ਨਾ ਆਵੇ ਕੋਈ ਬੀਮਾਰੀ।
ਜੋ ਰੋਜ਼ ਸਾਫ ਕਰਨ ਦੰਦ ਬੁਰਸ਼ ਦੇ ਨਾਲ,
ਸਭ ਨੂੰ ਹੱਸਦੇ ਚੰਗੇ ਲੱਗਣ ਉਹ ਬਾਲ।

ਜੋ ਰੋਜ਼ ਅੱਖਾਂ ਤੇ ਮਾਰਨ ਪਾਣੀ ਦੇ ਛਿੱਟੇ,
ਉਨ੍ਹਾਂ ਬਾਲਾਂ ਦੀ ਨਜ਼ਰ ਕਦੇ ਨਾ ਘਟੇ,
ਜੋ ਸਰੀਰ ਨੂੰ ਕੀਮਤੀ ਚੀਜ਼ ਸਮਝਦੇ ਨੇ,
ਉਹ ਸਮੇਂ ਸਿਰ ਉੱਠ ਕੇ ਨਹਾ ਲੈਂਦੇ ਨੇ।

ਜੋ ਕੰਨਾਂ 'ਚ ਨੁਕੀਲੀ ਚੀਜ਼ ਨਾ ਫੇਰਨ,
ਉਨ੍ਹਾਂ ਨੂੰ ਸੁਣਨ 'ਚ ਆਵੇ ਨਾ ਮੁਸ਼ਕਲ।
ਜੋ ਨਹੁੰ ਆਪਣੇ ਕੱਟ ਲੈਂਦੇ ਨੇ ਸਮੇਂ ਸਿਰ,
ਰੋਟੀ ਨਾਲ ਉਨ੍ਹਾਂ ਦੇ ਜਾਵੇ ਨਾ ਮਿੱਟੀ ਅੰਦਰ।

## ਕੱਚੇ ਜ਼ਖ਼ਮਾਂ ਦੀ ਮਹਿਕ

ਵਰਲਡ ਪੰਜਾਬੀ ਟਾਈਮਜ਼
ਰਵਨਜੋਤ ਕੌਰ ਸਿੱਧੂ

ਅਸਮਾਨ ਵਿੱਚ ਗੂੜ੍ਹੇ ਸੁਰਮਈ ਬੱਦਲਾਂ ਦੀ ਆਮਦ ਨੇ ਪੰਜਾਬ ਦੀ ਤਪਦੀ ਹਿੱਕ 'ਤੇ ਠੰਢਕ ਦਾ ਸੁਨੇਹਾ ਦਿੱਤਾ ਸੀ। ਹਵਾ ਵਿੱਚ ਇੱਕ ਅਜੀਬ ਜਿਹੀ ਬੇਚੈਨੀ ਸੀ, ਬਿਲਕੁਲ ਉਸੇ ਤਰ੍ਹਾਂ ਦੀ ਜਿਵੇਂ ਕਿਸੇ ਪੁਰਾਣੇ ਸੰਦੂਕ ਨੂੰ ਖੋਲ੍ਹਣ ਵੇਲੇ ਹੁੰਦੀ ਹੈ। ਕਰਤਾਰ ਸਿੰਘ ਆਪਣੇ ਪੁਰਾਣੇ ਘਰ ਦੇ ਬਰਾਂਡੇ ਵਿੱਚ ਡਾਹੇ ਹੋਏ ਡੇਹਰੇ 'ਤੇ ਬੈਠਾ ਅੱਖਾਂ ਮੀਟ ਕੇ ਉਸ ਹਵਾ ਨੂੰ ਆਪਣੇ ਸਾਹਾਂ ਵਿੱਚ ਭਰ ਰਿਹਾ ਸੀ। ਮੀਂਹ ਦੀਆਂ ਪਹਿਲੀਆਂ ਕਣੀਆਂ ਜਦੋਂ ਤਪੀ ਹੋਈ ਮਿੱਟੀ 'ਤੇ ਡਿੱਗੀਆਂ, ਤਾਂ ਉੱਠਣ ਵਾਲੀ ਸੁੰਧਾਨ ਨੇ ਕਰਤਾਰ ਸਿੰਘ ਦੇ ਮਨ ਦੇ ਕਿਸੇ ਕੋਨੇ ਵਿੱਚ ਦੱਬੇ ਹੋਏ ਅਣਗਿਣਤ ਕੱਚੇ ਜ਼ਖ਼ਮਾਂ ਨੂੰ ਮੁੜ ਹਰਾ ਕਰ ਦਿੱਤਾ। ਇਹ ਖੁਸ਼ਬੂ ਸਿਰਫ਼ ਮਿੱਟੀ ਦੀ ਨਹੀਂ ਸੀ, ਇਹ ਉਨ੍ਹਾਂ ਯਾਦਾਂ ਦੀ ਸੀ ਜੋ ਵਕਤ ਦੀ ਧੂੜ ਹੇਠ ਦੱਬੀਆਂ ਤਾਂ ਗਈਆਂ ਸਨ, ਪਰ ਮਰੀਆਂ ਨਹੀਂ ਸਨ।

ਉਸ ਦਾ ਪੋਤਰਾ ਈਸ਼ਾਨ, ਜੋ ਸ਼ਹਿਰ ਦੀ ਚਕਾਚੌਂਧ ਅਤੇ ਡਿਜੀਟਲ ਦੁਨੀਆ ਦਾ ਬਾਸ਼ਿੰਦਾ ਸੀ, ਬਰਾਂਡੇ ਦੀ ਥੰਮ੍ਹ ਕੋਲ ਖੜ੍ਹਾ ਇਸ ਕੁਦਰਤੀ ਨਜ਼ਾਰੇ ਨੂੰ ਆਪਣੇ ਮਹਿੰਗੇ ਫੋਨ ਵਿੱਚ ਕੈਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਲਈ ਇਹ ਸਿਰਫ਼ ਇੱਕ 'ਸੁਹਾਵਣਾ ਮੌਸਮ' ਸੀ, ਪਰ ਜਦੋਂ ਉਸ ਨੇ ਆਪਣੇ ਦਾਦਾ ਜੀ ਦੇ ਚਿਹਰੇ ਵੱਲ ਦੇਖਿਆ, ਤਾਂ ਉੱਥੇ ਪਸਰੀ ਗੰਭੀਰਤਾ ਨੇ ਉਸ ਨੂੰ ਠਿਠਕਣ ਲਈ ਮਜਬੂਰ ਕਰ ਦਿੱਤਾ। ਕਰਤਾਰ ਸਿੰਘ ਦੀਆਂ ਝੁਰੜੀਆਂ ਵਾਲੀਆਂ ਅੱਖਾਂ ਵਿੱਚੋਂ ਇੱਕ ਹੰਝੂ ਚੋ ਕੇ ਉਸ ਦੀ ਸਫ਼ੈਦ ਦਾੜ੍ਹੀ ਵਿੱਚ ਜਜ਼ਬ ਹੋ ਗਿਆ। ਈਸ਼ਾਨ ਨੇ ਹੌਲੀ ਜਿਹੀ ਕੋਲ ਬੈਠਦਿਆਂ ਪੁੱਛਿਆ, "ਦਾਦਾ ਜੀ, ਇਸ ਮਿੱਟੀ ਦੀ ਮਹਿਕ ਤਾਂ ਸਭ ਨੂੰ ਸਕੂਨ ਦਿੰਦੀ ਹੈ, ਪਰ ਤੁਹਾਡੀ ਖ਼ਾਮੋਸ਼ੀ ਕੁਝ ਹੋਰ ਹੀ ਬਿਆਨ ਕਰ ਰਹੀ ਹੈ?"

ਕਰਤਾਰ ਸਿੰਘ ਨੇ ਇੱਕ ਲੰਮਾ ਹੌਕਾ ਭਰਿਆ, ਜਿਸ ਵਿੱਚ ਸੱਤ ਦਹਾਕਿਆਂ ਦਾ ਸੰਤਾਪ ਸਮੋਇਆ ਹੋਇਆ ਸੀ। ਉਹ ਬੋਲਿਆ, "ਪੁੱਤ, ਇਹ ਮਹਿਕ ਮੇਰੇ ਲਈ ਸਿਰਫ਼ ਮੌਸਮ ਦਾ ਬਦਲਾਅ ਨਹੀਂ, ਇਹ ਇੱਕ ਪਛਾਣ ਹੈ। ਇਹ ਉਸ ਵੇਲੇ ਦੀ ਯਾਦ ਦਿਵਾਉਂਦੀ ਹੈ ਜਦੋਂ ਅਸੀਂ ਆਪਣੀ ਜੜ੍ਹਾਂ ਨਾਲੋਂ ਉਖਾੜੇ ਗਏ ਸੀ। ਜ਼ਖ਼ਮ ਜਦੋਂ ਭਰ ਜਾਂਦੇ ਨੇ ਤਾਂ ਸਿਰਫ਼ ਨਿਸ਼ਾਨ ਛੱਡ ਜਾਂਦੇ ਨੇ, ਪਰ ਜਦੋਂ ਉਹ ਅੰਦਰੋਂ ਕੱਚੇ ਰਹਿ ਜਾਣ, ਤਾਂ ਉਹ ਮਹਿਕਦੇ ਨੇ—ਬਿਲਕੁਲ ਇਸ ਮਿੱਟੀ ਵਾਂਗ।"

ਉਸ ਨੇ ਈਸ਼ਾਨ ਨੂੰ ਦੱਸਿਆ ਕਿ ਕਿਵੇਂ ਉਸ ਦਾ ਸਭ ਤੋਂ ਪਿਆਰਾ ਦੋਸਤ ਅਬਦੁਲ, ਜਿਸ ਨਾਲ ਉਸ ਨੇ ਬਚਪਨ ਦੀਆਂ ਅਣਗਿਣਤ ਗਰਮੀਆਂ ਅਤੇ ਸਿਆਲ ਹੱਸਦਿਆਂ-ਖੇਡਦਿਆਂ ਬਿਤਾਏ ਸਨ, 1947 ਦੀ ਇੱਕ ਕਾਲੀ ਰਾਤ ਨੂੰ ਅਚਾਨਕ 'ਪਰਾਇਆ' ਹੋ ਗਿਆ। ਉਹ ਦੋਵੇਂ ਇਸੇ ਤਰ੍ਹਾਂ ਮੀਂਹ ਵਿੱਚ ਖੇਤਾਂ ਦੀਆਂ ਪਗਡੰਡੀਆਂ 'ਤੇ ਭੱਜਿਆ ਕਰਦੇ ਸਨ। ਅਬਦੁਲ ਅਕਸਰ ਕਹਿੰਦਾ ਸੀ ਕਿ ਇਨਸਾਨ ਚਾਹੇ ਕਿਤੇ ਵੀ ਚਲਾ ਜਾਵੇ, ਉਸ ਦੀ ਮਿੱਟੀ ਦੀ ਖੁਸ਼ਬੂ ਉਸ ਨੂੰ ਹਮੇਸ਼ਾ ਆਪਣੇ ਪਿੰਡ ਦੀ ਯਾਦ ਦਿਵਾਉਂਦੀ ਰਹੇਗੀ। ਪਰ ਵਕਤ ਦੇ ਬੇਰਹਿਮ ਕੁਹਾੜੇ ਨੇ ਅਜਿਹਾ ਜ਼ਖ਼ਮ ਦਿੱਤਾ ਕਿ ਉਹ ਮਿੱਟੀ ਤਾਂ ਉੱਥੇ ਹੀ ਰਹਿ ਗਈ, ਪਰ ਉਸ ਮਿੱਟੀ ਦੇ ਜਾਏ ਸਰਹੱਦਾਂ ਦੇ ਆਰ-ਪਾਰ ਖਿੰਡ ਗਏ।

ਈਸ਼ਾਨ ਸੁਣਦਾ ਰਿਹਾ, ਉਸ ਨੂੰ ਮਹਿਸੂਸ ਹੋਇਆ ਕਿ ਮੀਂਹ ਦਾ ਸੰਗੀਤ ਹੁਣ ਇੱਕ ਮਰਸੀਏ ਵਰਗਾ ਲੱਗ ਰਿਹਾ ਸੀ। ਕਰਤਾਰ ਸਿੰਘ ਨੇ ਦੱਸਿਆ ਕਿ ਕਈ ਸਾਲਾਂ ਬਾਅਦ ਜਦੋਂ ਉਹ ਸਰਹੱਦ ਪਾਰ ਆਪਣੇ ਪੁਰਾਣੇ ਪਿੰਡ ਗਿਆ, ਤਾਂ ਉੱਥੇ ਅਬਦੁਲ ਤਾਂ ਨਹੀਂ ਸੀ, ਪਰ ਉਸ ਦੀਆਂ ਯਾਦਾਂ ਉਸੇ ਪੁਰਾਣੇ ਬੋਹੜ ਹੇਠ ਬੈਠੀਆਂ ਉਸ ਦਾ ਇੰਤਜ਼ਾਰ ਕਰ ਰਹੀਆਂ ਸਨ। ਅਬਦੁਲ ਦੇ ਪੋਤਰੇ ਨੇ ਜਦੋਂ ਕਰਤਾਰ ਨੂੰ ਗਲੇ ਲਗਾਇਆ, ਤਾਂ ਉਸ ਨੂੰ ਉਹੀ ਅਬਦੁਲ ਵਾਲੀ ਮੁਹੱਬਤ ਦੀ ਮਹਿਕ ਆਈ। ਕਰਤਾਰ ਸਿੰਘ ਨੇ ਮਹਿਸੂਸ ਕੀਤਾ ਕਿ ਰਾਜਨੀਤੀ ਨੇ ਜ਼ਮੀਨਾਂ ਤਾਂ ਵੰਡ ਦਿੱਤੀਆਂ, ਪਰ ਉਹ ਰੂਹਾਨੀ ਖੁਸ਼ਬੂ ਨਹੀਂ ਵੰਡ ਸਕੇ ਜੋ ਅੱਜ ਵੀ ਦੋਵਾਂ ਪਾਸਿਆਂ ਦੀ ਮਿੱਟੀ ਵਿੱਚ ਇੱਕਸਾਰ ਰਚੀ ਹੋਈ ਹੈ।

ਈਸ਼ਾਨ ਨੂੰ ਅਹਿਸਾਸ ਹੋਇਆ ਕਿ ਅਤੀਤ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਦੇ ਬੇਜਾਨ ਪੰਨੇ ਨਹੀਂ ਹੁੰਦੇ, ਸਗੋਂ ਇਹ ਜਿਉਂਦੇ-ਜਾਗਦੇ ਜਜ਼ਬਾਤ ਹੁੰਦੇ ਹਨ। ਕਰਤਾਰ ਸਿੰਘ ਨੇ ਗੱਲ ਜਾਰੀ ਰੱਖਦਿਆਂ ਕਿਹਾ, "ਈਸ਼ਾਨ, ਨਵੀਂ ਪੀੜ੍ਹੀ ਨੂੰ ਲੱਗਦਾ ਹੈ ਕਿ ਅਸੀਂ ਪੁਰਾਣੀਆਂ ਗੱਲਾਂ ਫੜ ਕੇ ਬੈਠੇ ਹਾਂ, ਪਰ ਸੱਚ ਤਾਂ ਇਹ ਹੈ ਕਿ ਇਹ ਕੱਚੇ ਜ਼ਖ਼ਮ ਹੀ ਸਾਨੂੰ ਇਨਸਾਨ ਬਣਾਈ ਰੱਖਦੇ ਨੇ। ਇਹ ਸਾਨੂੰ ਯਾਦ ਦਿਵਾਉਂਦੇ ਨੇ ਕਿ ਨਫ਼ਰਤ ਦਾ ਅੰਤ ਸਿਰਫ਼ ਬਰਬਾਦੀ ਹੈ, ਜਦਕਿ ਮੁਹੱਬਤ ਦੀ ਮਹਿਕ ਸਰਹੱਦਾਂ ਦੇ ਪਾਰ ਵੀ ਉਨੀਂ ਹੀ ਤਾਜ਼ੀ ਰਹਿੰਦੀ ਹੈ।"

ਮੀਂਹ ਹੁਣ ਹੌਲੀ ਹੋ ਕੇ ਰਿਮਝਿਮ ਵਿੱਚ ਬਦਲ ਚੁੱਕਾ ਸੀ। ਈਸ਼ਾਨ ਨੇ ਆਪਣੇ ਦਾਦਾ ਜੀ ਦਾ ਕੰਬਦਾ ਹੱਥ ਫੜਿਆ। ਉਸ ਸ਼ਾਮ ਈਸ਼ਾਨ ਨੇ ਕੁਝ ਨਵਾਂ ਸਿੱਖਿਆ ਸੀ—ਕਿ ਹਰ ਖੁਸ਼ਬੂ ਸਿਰਫ਼ ਨੱਕ ਰਾਹੀਂ ਮਹਿਸੂਸ ਨਹੀਂ ਕੀਤੀ ਜਾਂਦੀ, ਕੁਝ ਖੁਸ਼ਬੂਆਂ ਸਿੱਧੀਆਂ ਰੂਹ ਵਿੱਚ ਉਤਰ ਜਾਂਦੀਆਂ ਹਨ। ਕਰਤਾਰ ਸਿੰਘ ਦਾ ਉਹ 'ਕੱਚਾ ਜ਼ਖ਼ਮ' ਅੱਜ ਮਹਿਕ ਕੇ ਇੱਕ ਸੁਨੇਹਾ ਦੇ ਰਿਹਾ ਸੀ ਕਿ ਇਨਸਾਨੀਅਤ ਦੀ ਜੜ੍ਹ ਮਿੱਟੀ ਵਿੱਚ ਹੁੰਦੀ ਹੈ, ਤੇ ਮਿੱਟੀ ਕਦੇ ਵੰਡੀ ਨਹੀਂ ਜਾ ਸਕਦੀ। ਸੂਰਜ ਦੀਆਂ ਆਖਰੀ ਕਿਰਨਾਂ ਜਦੋਂ ਗਿੱਲੀ ਧਰਤੀ 'ਤੇ ਪਈਆਂ, ਤਾਂ ਪੂਰਾ ਵਿਹੜਾ ਸੋਨੇ ਵਾਂਗ ਚਮਕ ਉੱਠਿਆ। ਕਰਤਾਰ ਸਿੰਘ ਦੇ ਚਿਹਰੇ 'ਤੇ ਹੁਣ ਇੱਕ ਅਜੀਬ ਜਿਹਾ ਸਕੂਨ ਸੀ, ਜਿਵੇਂ ਉਸ ਨੇ ਆਪਣੀਆਂ ਯਾਦਾਂ ਦਾ ਸਭ ਤੋਂ ਕੀਮਤੀ ਸਰਮਾਇਆ ਆਪਣੇ ਵਾਰਿਸ ਨੂੰ ਸੌਂਪ ਦਿੱਤਾ ਹੋਵੇ। ਅਤੀਤ ਦੀਆਂ ਉਹ ਯਾਦਾਂ, ਜੋ ਅੱਜ ਵੀ ਤਾਜ਼ਾ ਸਨ, ਹਵਾ ਵਿੱਚ ਘੁਲ ਕੇ ਆਉਣ ਵਾਲੀਆਂ ਨਸਲਾਂ ਲਈ ਮੁਹੱਬਤ ਦਾ ਇੱਕ ਨਵਾਂ ਅਧਿਆਇ ਲਿਖ ਰਹੀਆਂ ਸਨ।

## ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਦਾ ਖ਼ੌਫ਼...

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ




ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀਆਂ ਤਕਰੀਰਾਂ ਅਤੇ ਤਸਵੀਰਾਂ ਤੋਂ ਅੱਜ ਵੀ ਹਕੂਮਤਾਂ ਡਰਦੀਆਂ ਨੇ। ਹਿੰਦ ਹਕੂਮਤ, ਸੂਬਾ ਸਰਕਾਰ, ਸਿਆਸੀ ਆਗੂ, ਪੁਲਿਸ ਅਤੇ ਹੋਰ ਪੰਥ ਦੋਖੀ ਨਹੀਂ ਚਾਹੁੰਦੇ ਕਿ ਸਿੱਖ ਕੌਮ, ਸੰਤ ਭਿੰਡਰਾਂਵਾਲਿਆਂ ਦੀ ਸੋਚ ਦੀ ਪਹਿਰੇਦਾਰ ਬਣੇ। ਉਹ ਸੰਤਾਂ ਦੀ ਤਸਵੀਰ ਨੂੰ ਹਊਆ, ਅਪਰਾਧ ਅਤੇ ਜੁਰਮ ਵਜੋਂ ਵੇਖਦੇ ਨੇ ਤੇ ਇਸ ਬਹਾਨੇ ਸਿੱਖ ਨੌਜਵਾਨਾਂ ਨੂੰ ਡਰਾਇਆ-ਧਮਕਾਇਆ ਜਾਂਦਾ ਹੈ, ਪਰਚੇ ਵੀ ਪਾ ਦਿੱਤੇ ਜਾਂਦੇ ਨੇ ਤੇ ਤਸ਼ੱਦਦ ਦਾ ਸ਼ਿਕਾਰ ਵੀ ਬਣਾਇਆ ਜਾਂਦਾ ਹੈ। ਅਜਿਹਾ ਹੀ ਮਾਮਲਾ ਪਿਛਲੇ ਦਿਨੀਂ ਲੁਧਿਆਣਾ 'ਚ ਸਾਹਮਣੇ ਆਇਆ ਜਦੋਂ ਇੱਕ ਸਿੱਖ ਟੈਕਸੀ ਡਰਾਇਵਰ ਨੂੰ ਗੱਡੀ 'ਤੇ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਲੱਗੀ ਹੋਣ ਕਰਕੇ ਥਾਣੇ ਲਿਜਾ ਕੇ ਤਸ਼ੱਦਦ ਢਾਹਿਆ ਗਿਆ। ਜਿਸ ਵਹਿਸ਼ੀਆਨਾ ਢੰਗ ਨਾਲ ਪੁਲਸੀਆਂ ਨੇ ਨੌਜਵਾਨ ਨਾਲ ਸਲੂਕ ਕੀਤਾ, ਖ਼ੂਨ ਨਾਲ ਲੱਥ-ਪੱਥ ਕੀਤਾ, ਨਹੁੰ ਵੀ ਖਿੱਚ ਦਿੱਤੇ ਤੇ ਕਹਿੰਦੇ ਰਹੇ ਕਿ "ਕੱਢਦੇ ਆ ਤੇਰੇ 'ਚੋਂ ਭਿੰਡਰਾਂਵਾਲਾ।" ਇਸ ਤੋਂ ਸਪੱਸ਼ਟ ਹੋ ਗਿਆ ਕਿ ਇਨ੍ਹਾਂ ਪੁਲਸੀਆਂ 'ਚੋਂ ਅਜੇ ਬੁੱਚੜਪੁਣਾ ਨਹੀਂ ਨਿਕਲਿਆ। ਇਹ ਬੁੱਚੜ ਕੇ.ਪੀ.ਐਸ. ਗਿੱਲ, ਇਜ਼ਹਾਰ ਆਲਮ ਅਤੇ ਸੁਮੇਧ ਸੈਣੀ ਦੇ ਹੀ ਵਾਰਸ ਨੇ। ਯਾਦ ਕਰੋ ਉਹ ਦਿਨ ਜਦੋਂ ਹਕੂਮਤ ਪਾਸੋਂ ਇਨਾਮ, ਸਟਾਰ, ਫੀਤੀਆਂ ਤੇ ਹੋਰ ਲਾਲਚਾਂ ਲਈ ਇਹ ਬੁੱਚੜ ਪੁਲਸੀਏ ਪੰਜਾਬ ਦੇ ਪਿੰਡਾਂ-ਸ਼ਹਿਰਾਂ 'ਚੋਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਘਰਾਂ, ਦੁਕਾਨਾਂ ਤੇ ਖੇਤਾਂ 'ਚੋਂ ਚੁੱਕ ਕੇ ਜ਼ਾਲਮਾਨਾ ਕਹਿਰ ਢਾਹੁੰਦੇ ਸਨ। ਇਹਨਾਂ ਨੇ ਤਾਂ ਮੁਗਲ ਹਾਕਮਾਂ ਔਰੰਗਜ਼ੇਬ, ਮੀਰ ਮੰਨੂ, ਫ਼ਰੁਖਸੀਅਰ, ਜ਼ਕਰੀਆ ਖ਼ਾਂ ਤੇ ਲੱਖਪਤ ਰਾਏ ਨੂੰ ਵੀ ਮਾਤ ਪਾ ਦਿੱਤੀ ਸੀ ਤੇ ਅੰਗਰੇਜ਼ਾਂ ਦੇ ਜ਼ੁਲਮ ਵੀ ਇਹਨਾਂ ਅੱਗੇ ਬੌਣੇ ਪੈ ਗਏ ਸਨ। ਸਿੱਖ ਪਰਿਵਾਰਾਂ 'ਚ ਜਨਮੇ ਇਹਨਾਂ ਬੁੱਚੜ ਪੁਲਸੀਆਂ ਨੇ ਸਿੱਖੀ ਨਾਲ਼ ਦੁਸ਼ਮਣੀ ਕਮਾਈ ਤੇ ਹਕੂਮਤ ਦੇ ਸੰਦ ਬਣ ਕੇ ਆਪਣੇ ਹੀ ਭਰਾਵਾਂ ਦਾ ਖ਼ੂਨ ਪੀਂਦੇ ਰਹੇ। ਓਦੋਂ ਪੁਲਿਸ ਬੰਦੇ ਮਾਰਨ ਵਾਲ਼ੀ ਇੱਕ ਮਸ਼ੀਨ ਬਣ ਚੁੱਕੀ ਸੀ, ਪੁਲਸੀਆਂ ਦੇ ਮੂੰਹ ਨੂੰ ਲੱਗਾ ਸਿੱਖਾਂ ਦਾ ਖ਼ੂਨ ਅਜੇ ਤੱਕ ਨਹੀਂ ਉੱਤਰਿਆ, ਤਾਂਹੀ ਤਾਂ ਇਹ ਹੋਰ ਨੌਜਵਾਨਾਂ ਦਾ ਸ਼ਿਕਾਰ ਖੇਡਣ ਲਈ ਕਾਹਲੇ ਹਨ। ਜਿੰਨਾ ਪੁਲਿਸ ਵਾਲ਼ਿਆਂ ਨੂੰ ਬੜੇ ਚੰਗੇ, ਇਮਾਨਦਾਰ ਤੇ ਸਿੱਖ-ਪ੍ਰਸਤ ਸਮਝਿਆ ਜਾਂਦਾ ਹੈ ਉਹ ਵੀ ਸਿੱਖਾਂ ਖ਼ਿਲਾਫ਼ ਭੁਗਤਣ ਲੱਗਿਆਂ ਦੇਰ ਨਹੀਂ ਲਾਉਂਦੇ, ਬੜੇ ਕੇਸਾਂ 'ਚ ਅਜਿਹਾ ਵੇਖਿਆ ਹੈ। ਇਹ ਪੁਲਿਸ ਵਾਲ਼ਿਆਂ ਦੇ ਮਨਾਂ 'ਚ ਸਿੱਖੀ ਪ੍ਰਤੀ, ਸਿੱਖ ਜੁਝਾਰੂਆਂ ਪ੍ਰਤੀ ਤੇ ਪੰਥ-ਪ੍ਰਸਤ ਨੌਜਵਾਨਾਂ ਪ੍ਰਤੀ ਐਨੀ ਨਫ਼ਰਤ ਕੌਣ ਭਰਦਾ ਹੈ ? ਸਿੱਧਾ ਜਵਾਬ ਹੈ ਕਿ ਓਹੀ ਸਿਸਟਮ ਜਿਸ ਦੇ ਅਧੀਨ ਇਹ ਨੌਕਰੀਆਂ ਕਰਦੇ ਹਨ। ਇਹ ਭਾਰਤੀ ਨਿਜ਼ਾਮ, ਸੰਵਿਧਾਨ, ਕਾਨੂੰਨ, ਸਿਸਟਮ ਤੇ ਹੋਰ ਸਾਰਾ ਤਾਣਾ-ਬਾਣਾ ਸਿੱਖਾਂ ਵਿੱਚੋਂ ਸਿੱਖੀ ਕੱਢਣਾ ਚਾਹੁੰਦੇ ਨੇ। ਇਹ ਚਾਹੁੰਦੇ ਨੇ ਕਿ ਸੰਤ ਭਿੰਡਰਾਂਵਾਲਿਆਂ ਨੂੰ ਸਿੱਖ ਆਪਣਾ ਨਾਇਕ ਨਾ ਮੰਨਣ, ਕਿਉਂਕਿ ਸੰਤਾਂ ਨੇ ਹੀ ਇਸ ਹਕੂਮਤ ਦਾ ਕੋਝਾ ਚਿਹਰਾ ਦੁਨੀਆਂ ਭਰ 'ਚ ਨੰਗਾ ਕੀਤਾ ਸੀ ਤੇ ਸਿੱਖਾਂ ਨੂੰ ਆਪਣੇ ਧਰਮ, ਇਤਿਹਾਸ, ਵਿਰਸੇ, ਸਿਧਾਂਤ, ਸੱਭਿਆਚਾਰ, ਪ੍ਰੰਪਰਾਵਾਂ ਨਾਲ ਜੋੜਿਆ ਅਤੇ 'ਜੀਣਾ ਅਣਖ਼ ਨਾਲ, ਮਰਨਾ ਧਰਮ ਲਈ' ਹੋਕਾ ਦਿੰਦਿਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਅਜ਼ਾਦੀ ਦਾ ਸਿੱਧਾ ਰਾਹ ਵਿਖਾਇਆ ਸੀ ਜਿਸ ਤੋਂ ਸਰਕਾਰ ਐਨੀ ਬੁਖਲਾਹਟ ਵਿੱਚ ਆਈ ਸੀ ਕਿ ਸੰਤਾਂ ਨੂੰ ਖ਼ਤਮ ਕਰਨ ਲਈ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ ਗਿਆ। ਸੰਤਾਂ ਦੇ ਜਿਉਂਦੇ-ਜੀਅ ਉਹਨਾਂ ਦੀਆਂ ਤਕਰੀਰਾਂ ਅਤੇ ਸ਼ਹੀਦ ਹੋਣ ਤੋਂ ਬਾਅਦ ਉਹਨਾਂ ਦੀਆਂ ਤਸਵੀਰਾਂ ਤੋਂ ਪੰਥ ਦੋਖੀ ਐਨਾ ਖ਼ੌਫ਼ ਖਾਂਦੇ ਹਨ ਕਿ ਇਹਨਾਂ ਦੀ ਰਾਤਾਂ ਦੀ ਨੀਂਦ ਹਰਾਮ ਹੋ ਜਾਂਦੀ ਹੈ। ਕਦੇ ਹਰਿਆਣੇ ਦਾ ਮੁੱਖ ਮੰਤਰੀ, ਕਦੇ ਹਿਮਾਚਲ ਦਾ ਮੁੱਖ ਮੰਤਰੀ ਤੇ ਕਦੇ ਪੰਜਾਬ ਦਾ ਮੁੱਖ ਮੰਤਰੀ ਵੀ ਸੰਤਾਂ ਦੀ ਤਸਵੀਰ ਤੋਂ ਘਾਬਰ ਜਾਂਦਾ ਹੈ, ਹਿੰਦੂਤਵੀ ਸ਼ਿਵ ਸੈਨਿਕ ਤਾਂ ਆਪਣੀਆਂ ਪੈਂਟਾਂ ਗਿੱਲੀਆਂ ਕਰ ਲੈਂਦੇ ਹਨ। ਸਰਕਾਰਾਂ ਤੇ ਪੰਥ ਦੋਖੀਆਂ ਨੂੰ ਸੰਤ ਭਿੰਡਰਾਂਵਾਲਿਆਂ ਦੀ ਸੋਚ ਦੇ ਪਹਿਰੇਦਾਰ ਸਿੱਖਾਂ ਵਿੱਚੋਂ ਸੰਤ ਭਿੰਡਰਾਂਵਾਲੇ ਹੀ ਨਜ਼ਰ ਆਉਂਦੇ ਹਨ ਤਾਂਹੀ ਤਾਂ ਉਹਨਾਂ ਨੂੰ ਦਬਾਉਣ, ਡਰਾਉਣ, ਧਮਕਾਉਣ ਤੇ ਮੁਕਾਉਣ ਲਈ ਤਿਆਰ ਰਹਿੰਦੇ ਨੇ। ਪਰ ਹਕੂਮਤਾਂ ਅਤੇ ਪੁਲਸੀਏ ਇਹ ਯਾਦ ਰੱਖਣ ਕਿ ਜਿਵੇਂ ਤੁਹਾਡੇ ਵਿੱਚੋਂ ਬੁੱਚੜਪੁਣਾ ਨਹੀਂ ਨਿਕਲਿਆ ਇਸੇ ਤਰ੍ਹਾਂ ਸਿੱਖਾਂ ਵਿੱਚੋਂ ਵੀ ਸੰਤ ਭਿੰਡਰਾਂਵਾਲੇ ਕਦੇ ਨਹੀਂ ਨਿਕਲ ਸਕਦੇ, ਸੰਤਾਂ ਦੀਆਂ ਤਸਵੀਰਾਂ ਸਾਡੇ ਦਿਲਾਂ, ਘਰਾਂ ਅਤੇ ਗੱਡੀਆਂ ਦਾ ਸ਼ਿੰਗਾਰ ਬਣਦੀਆਂ ਰਹਿਣਗੀਆਂ। ਤੁਹਾਡਾ ਕੋਈ ਵੀ ਜ਼ੁਲਮ ਸਾਨੂੰ ਝੁਕਾ ਨਹੀਂ ਸਕਦਾ। ਸੰਤਾਂ ਦੀ ਤਸਵੀਰ ਸਿੱਖ ਨੌਜਵਾਨਾਂ ਨੂੰ ਆਪਣੇ ਪੰਥਕ ਫ਼ਰਜ਼ ਅਦਾ ਕਰਨ ਲਈ ਹਮੇਸ਼ਾਂ ਪ੍ਰੇਰਦੀ ਰਹੇਗੀ।

# ਚਿੱਤਰਕਲਾ ਦੀ ਸੂਖ਼ਮ ਰੂਹ – ਜਰਨੈਲ ਸਿੰਘ ਆਰਟਿਸਟ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ





ਕਈ ਵਾਰ ਕੁਝ ਮੁਲਾਕਾਤਾਂ ਸਿਰਫ਼ ਮਿਲਾਪ ਨਹੀਂ ਰਹਿੰਦੀਆਂ, ਉਹ ਮਨ ਦੀ ਦਿਸ਼ਾ ਤੈਅ ਕਰ ਦਿੰਦੀਆਂ ਹਨ। ਮੇਰਾ ਜਰਨੈਲ ਸਿੰਘ ਆਰਟਿਸਟ ਨਾਲ ਪਹਿਲਾ ਮਿਲਾਪ ਸਰੀ ਸ਼ਹਿਰ ਵਿੱਚ ਉਨ੍ਹਾਂ ਦੀ ਆਰਟ ਗੈਲਰੀ ਵਿੱਚ ਹੋਇਆ। ਇੱਕ ਅਜਿਹਾ ਅਨੁਭਵ ਜੋ ਮੇਰੇ ਮਨ ਵਿੱਚ ਸਦੀਵੀ ਛਾਪ ਛੱਡ ਗਿਆ। ਉਸ ਸਮੇਂ ਉਨ੍ਹਾਂ ਦੇ ਨਾਲ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਹਾਜ਼ਰੀ ਨੇ ਉਨ੍ਹਾਂ ਪਲਾਂ ਨੂੰ ਹੋਰ ਵੀ ਅਰਥਪੂਰਨ ਬਣਾ ਦਿੱਤਾ। ਜਰਨੈਲ ਸਿੰਘ ਆਰਟਿਸਟ ਦੀ ਕਲਾ ਨਾਲ ਮੇਰੀ ਜਾਣ-ਪਛਾਣ ਪੰਜਾਬ ਵਿੱਚ ਰਹਿੰਦਿਆਂ ਹੀ ਹੋ ਚੁੱਕੀ ਸੀ। ਅਖ਼ਬਾਰਾਂ, ਰਸਾਲਿਆਂ ਅਤੇ ਵਿਸ਼ੇਸ਼ ਤੌਰ ’ਤੇ ਰੋਜ਼ਾਨਾ ਅਜੀਤ ਵਿੱਚ ਛਪਣ ਵਾਲੇ ਨਵੇਂ ਸਾਲ ਦੇ ਕੈਲੰਡਰਾਂ ਰਾਹੀਂ ਉਨ੍ਹਾਂ ਦੀ ਚਿੱਤਰਕਲਾ ਪੰਜਾਬੀ ਸਭਿਆਚਾਰ ਦੀ ਜੀਵੰਤ ਤਸਵੀਰ ਬਣ ਕੇ ਸਾਹਮਣੇ ਆਉਂਦੀ ਰਹੀ। ਪਿੰਡਾਂ ਦੀ ਜ਼ਿੰਦਗੀ, ਲੋਕਧਾਰਾ, ਤਿਉਹਾਰ ਅਤੇ ਆਸਥਾ, ਸਭ ਕੁਝ ਉਨ੍ਹਾਂ ਦੇ ਬੁਰਸ਼ ਦੀ ਛੋਹ ਨਾਲ ਕੈਨਵਸ ’ਤੇ ਜਿਵੇਂ ਸਾਕਾਰ ਹੋ ਜਾਂਦੇ ਸਨ। ਗੁਰਪੁਰਬਾਂ ਦੇ ਪਾਵਨ ਮੌਕਿਆਂ ’ਤੇ ਛਪਣ ਵਾਲੇ ਕੈਲੰਡਰਾਂ ਵਿੱਚ ਵੀ ਉਨ੍ਹਾਂ ਦੇ ਚਿੱਤਰ ਮਨ ਨੂੰ ਸ਼ਾਂਤੀ ਅਤੇ ਸਤਿਕਾਰ ਨਾਲ ਭਰ ਦਿੰਦੇ ਸਨ।

ਸਰੀ ਵਿੱਚ ਹੋਈ ਪਹਿਲੀ ਮੁਲਾਕਾਤ ਨੇ ਜਰਨੈਲ ਸਿੰਘ ਆਰਟਿਸਟ ਨੂੰ ਮੇਰੇ ਲਈ ਸਿਰਫ਼ ਇੱਕ ਮਹਾਨ ਕਲਾਕਾਰ ਨਹੀਂ, ਸਗੋਂ ਇੱਕ ਸੰਵੇਦਨਸ਼ੀਲ ਮਨੁੱਖ ਵਜੋਂ ਵੀ ਉਜਾਗਰ ਕੀਤਾ। ਗੱਲ 2013 ਦੀ ਹੈ। ਮੈਂ ਪਰਿਵਾਰ ਸਮੇਤ ਨਵਾਂ ਨਵਾਂ ਸਰੀ (ਕਨੇਡਾ) ਵਿਚ ਆਇਆ ਸਾਂ। ਪਰਦੇਸ ਦੀ ਧਰਤੀ ’ਤੇ ਨਵੇਂ ਆਏ ਹੋਣ ਕਰਕੇ ਮੇਰੇ ਮਨ ਵਿੱਚ ਜੋ ਅਸਥਿਰਤਾ ਅਤੇ ਚਿੰਤਾ ਸੀ, ਉਸ ਨੂੰ ਜਰਨੈਲ ਸਿੰਘ ਦੀ ਸਨੇਹੀ ਗੱਲਬਾਤ ਨੇ ਹੌਲੀ-ਹੌਲੀ ਹਲਕਾ ਕਰ ਦਿੱਤਾ। ਉਨ੍ਹਾਂ ਨੇ ਆਪਣੇ ਕਨੇਡਾ ਆਉਣ ਦੇ ਸ਼ੁਰੂਆਤੀ ਦਿਨਾਂ ਦੀ ਤਸਵੀਰ ਮੇਰੇ ਸਾਹਮਣੇ ਰੱਖੀ ਕਿ ਜਦੋਂ ਸੰਨ 2000 ਵਿੱਚ ਉਹ ਇੱਥੇ ਆਏ ਤਾਂ ਕਈ ਵਾਰ ਇਹ ਅਹਿਸਾਸ ਹੁੰਦਾ ਸੀ ਕਿ ਕਿੱਥੇ ਆ ਕੇ ਫਸ ਗਏ ਹਾਂ। ਪਰ ਸਮੇਂ ਦੇ ਨਾਲ ਹਾਲਾਤ ਵੀ ਬਦਲੇ, ਮਾਹੌਲ ਵੀ ਬਣਿਆ ਅਤੇ ਕਲਾ ਤੇ ਸਾਹਿਤ ਦੇ ਪ੍ਰੇਮੀਆਂ ਦੀ ਸੰਗਤ ਨੇ ਉਨ੍ਹਾਂ ਨੂੰ ਨਵਾਂ ਹੌਸਲਾ ਦਿੱਤਾ।

ਉਨ੍ਹਾਂ ਦੇ ਇਹ ਸ਼ਬਦ ਕਿ ‘ਹਰ ਨਵਾਂ ਆਇਆ ਬੰਦਾ ਸ਼ੁਰੂ ਵਿੱਚ ਅਜਿਹੀਆਂ ਮੁਸ਼ਕਿਲਾਂ ਵਿੱਚੋਂ ਲੰਘਦਾ ਹੈ, ਪਰ ਸਮਾਂ ਸਭ ਕੁਝ ਸੁਧਾਰ ਲੈਂਦਾ ਹੈ’ ਮੇਰੇ ਲਈ ਹੌਂਸਲੇ ਦੀ ਤਾਕਤ ਬਣ ਗਏ। ਇਹ ਸਿਰਫ਼ ਦਿਲਾਸਾ ਨਹੀਂ ਸੀ, ਸਗੋਂ ਤਜਰਬੇ ਦੇ ਸੱਚੇ ਬੋਲ ਸਨ। ਉਨ੍ਹਾਂ ਵੱਲੋਂ ਦਿੱਤਾ ਗਿਆ ਦਿਲੀ ਸਹਾਰਾ, ਉਨ੍ਹਾਂ ਦੀ ਕਲਾ ਵਾਂਗ ਹੀ ਗਹਿਰਾ ਅਤੇ ਅਰਥਪੂਰਨ ਸੀ। ਇਸ ਯਾਦਗਾਰੀ ਮਿਲਣੀ ਸਮੇਂ ਜਰਨੈਲ ਸਿੰਘ ਆਰਟਿਸਟ ਅਤੇ ਜਰਨੈਲ ਸਿੰਘ ਸੇਖਾ ਵੱਲੋਂ ਲੇਖਕ ਮੰਚ ਵੈਨਕੂਵਰ ਦੇ ਲੇਖਕਾਂ ਦੀ ਇਕ ਸੰਪਾਦਿਤ ਕਿਤਾਬ ਅਤੇ ਯਾਦਗਾਰੀ ਪੈੱਨ ਭੇਟ ਕਰ ਕੇ ਮੈਨੂੰ ਮਾਣ ਬਖ਼ਸ਼ਿਆ ਗਿਆ। ਇਹ ਤੋਹਫਾ ਮੇਰੇ ਲਈ ਸਿਰਫ਼ ਇਕ ਯਾਦਗਾਰ ਨਹੀਂ, ਸਗੋਂ ਸਿਨੇਹ, ਸਾਥ ਅਤੇ ਸੱਭਿਆਚਾਰਕ ਸਾਂਝ ਦਾ ਪ੍ਰਤੀਕ ਹੈ।

ਉਨ੍ਹਾਂ ਦੀ ਨਿੱਘੀ ਅਤੇ ਪਿਆਰੀ ਸ਼ਖ਼ਸੀਅਤ ਅਕਸਰ ਹੀ ਉਨ੍ਹਾਂ ਦੀ ਆਰਟ ਗੈਲਰੀ ਵਿਚ ਖਿੱਚ ਲਿਆਉਂਦੀ ਸੀ। ਇਹ ਆਰਟ ਗੈਲਰੀ ਅਸਲ ਵਿੱਚ ਸਰੀ ਸ਼ਹਿਰ ਵਿਚ ਕਲਾ ਅਤੇ ਸਾਹਿਤ ਦਾ ਉਹ ਮੱਕਾ ਹੈ, ਜਿੱਥੇ ਪਹੁੰਚ ਕੇ ਹਰ ਕਲਾਕਾਰ, ਸਾਹਿਤਕਾਰ ਅਤੇ ਵਿਦਵਾਨ ਆਪਣੇ ਕਨੇਡਾ ਦੌਰੇ ਦੀ ਵੱਡੀ ਪ੍ਰਾਪਤੀ ਸਮਝਦਾ ਹੈ।ਇਹ ਗੈਲਰੀ ਸਿਰਫ਼ ਇਕ ਨੁਮਾਇਸ਼ੀ ਜਗ੍ਹਾ ਨਹੀਂ, ਸਗੋਂ ਪੰਜਾਬੀ ਸੱਭਿਆਚਾਰ, ਸੋਚ ਅਤੇ ਰਚਨਾਤਮਕਤਾ ਦੀ ਧੜਕਦੀ ਰਗ ਹੈ।ਅਜਿਹਾ ਕਦੇ ਵਾਪਰਿਆ ਨਹੀਂ ਕਿ ਪੰਜਾਬ ਜਾਂ ਦੁਨੀਆ ਦੇ ਕਿਸੇ ਹੋਰ ਕੋਨੇ ਤੋਂ ਸਰੀ ਆਇਆ ਕੋਈ ਕਲਾਕਾਰ, ਲੇਖਕ ਜਾਂ ਬੁੱਧੀਜੀਵੀ ਜਰਨੈਲ ਆਰਟ ਗੈਲਰੀ ਦੇ ਦਰਸ਼ਨ ਕੀਤੇ ਬਿਨਾਂ ਵਾਪਸ ਮੁੜ ਗਿਆ ਹੋਵੇ।

ਬਾਹਰੋਂ ਆਏ ਹਰ ਸਾਹਿਤਕਾਰ ਅਤੇ ਕਲਾਕਾਰ ਲਈ ਜਰਨੈਲ ਆਰਟ ਗੈਲਰੀ ਉਹ ਮੰਚ ਬਣ ਗਿਆ ਜਿੱਥੇ ਉਹ ਸਰੋਤਿਆਂ, ਲੇਖਕਾਂ ਅਤੇ ਪਾਠਕਾਂ ਦੇ ਰੂਬਰੂ ਹੋ ਕੇ ਆਪਣੀ ਰਚਨਾਤਮਕ ਯਾਤਰਾ ਸਾਂਝੀ ਕਰਦਾ ਹੈ। ਇੱਥੇ ਹੋਈ ਹਰ ਸਾਹਿਤਕ ਜਾਂ ਕਲਾਤਮਕ ਮਿਲਣੀ ਵਿਚਾਰਾਂ ਦੀ ਹੀ ਨਹੀਂ, ਸਗੋਂ ਦਿਲਾਂ ਦੀ ਸਾਂਝ ਵੀ ਪੁਆਉਂਦੀ ਹੈ। ਇਸ ਗੈਲਰੀ ਵਿੱਚ ਹੋਣ ਵਾਲੀਆਂ ਬੈਠਕਾਂ ਪੰਜਾਬੀ ਸਾਹਿਤ ਅਤੇ ਕਲਾ ਦੇ ਇਤਿਹਾਸ ਦਾ ਅਟੁੱਟ ਹਿੱਸਾ ਬਣ ਗਈਆਂ ਹਨ। ਇਨ੍ਹਾਂ ਸਾਹਿਤਕ ਮਹਿਫ਼ਿਲਾਂ ਦੀ ਸਭ ਤੋਂ ਵੱਖਰੀ ਤੇ ਯਾਦਗਾਰੀ ਗੱਲ ਸੀ, ਜਰਨੈਲ ਸਿੰਘ ਆਰਟਿਸਟ ਦੀ ਨਿੱਘੀ ਅਤੇ ਨਿਸ਼ਕਾਮ ਮੇਜ਼ਬਾਨੀ। ਉਹ ਖ਼ੁਦ ਆਪਣੇ ਹੱਥੀਂ ਚਾਹ ਤਿਆਰ ਕਰਦੇ, ਮੇਜ਼ ਉੱਤੇ ਪੰਜਾਬੀ ਬਿਸਕੁਟਾਂ ਦਾ ਸੁਚੱਜਾ ਭੰਡਾਰ ਸਜਾਉਂਦੇ ਅਤੇ ਹਰ ਇਕ ਮਹਿਮਾਨ ਨੂੰ ਪਿਆਰ ਨਾਲ ਚਾਹ ਪਰੋਸਦੇ। ਇਹ ਸਾਦਗੀ ਭਰੀ ਸੇਵਾ ਸਿਰਫ਼ ਮਹਿਮਾਨ ਨਿਵਾਜ਼ੀ ਨਹੀਂ ਸੀ, ਸਗੋਂ ਸਾਹਿਤ ਅਤੇ ਕਲਾ ਪ੍ਰਤੀ ਉਨ੍ਹਾਂ ਦੀ ਡੂੰਘੀ ਨਿਸ਼ਠਾ ਦਾ ਪ੍ਰਗਟਾਵਾ ਸੀ।

ਸਾਹਿਤਕ ਮਿਲਣੀਆਂ ਤੋਂ ਇਲਾਵਾ, ਵੈਨਕੂਵਰ ਵਿਚਾਰ ਮੰਚ ਦੇ ਮੈਂਬਰਾਂ ਦੀਆਂ ਮਹਿਫ਼ਿਲਾਂ ਵੀ ਅਕਸਰ ਜਰਨੈਲ ਆਰਟ ਗੈਲਰੀ ਵਿੱਚ ਸਜਦੀਆਂ ਰਹਿੰਦੀਆਂ ਸਨ। ਇਨ੍ਹਾਂ ਮਹਿਫ਼ਿਲਾਂ ਦੌਰਾਨ ਕਲਾ, ਸਾਹਿਤ, ਕਲਾਸੀਕਲ ਫ਼ਿਲਮਾਂ ਅਤੇ ਹੋਰ ਸੱਭਿਆਚਾਰਕ ਸਰਗਰਮੀਆਂ ਬਾਰੇ ਗੰਭੀਰ ਤੇ ਅਰਥਪੂਰਨ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਸੀ। ਇਹ ਬੈਠਕਾਂ ਸਿਰਫ਼ ਬੌਧਿਕ ਚਰਚਾ ਤੱਕ ਸੀਮਿਤ ਨਹੀਂ ਰਹਿੰਦੀਆਂ, ਸਗੋਂ ਨਵੀਂ ਸੋਚ, ਨਵੇਂ ਦ੍ਰਿਸ਼ਟਿਕੋਣ ਅਤੇ ਰਚਨਾਤਮਕ ਪ੍ਰੇਰਣਾ ਨੂੰ ਜਨਮ ਦਿੰਦੀਆਂ ਸਨ। ਇਸ ਤਰ੍ਹਾਂ ਜਰਨੈਲ ਆਰਟ ਗੈਲਰੀ ਅਤੇ ਜਰਨੈਲ ਸਿੰਘ ਆਰਟਿਸਟ ਦੀ ਮੇਜ਼ਬਾਨੀ ਨੇ ਸਰੀ ਨੂੰ ਕਨੇਡਾ ਦੇ ਸਾਹਿਤਕ ਤੇ ਸੱਭਿਆਚਾਰਕ ਨਕਸ਼ੇ ’ਤੇ ਇੱਕ ਵਿਲੱਖਣ ਪਛਾਣ ਦਿੱਤੀ। ਇਹ ਥਾਂ ਸਿਰਫ਼ ਇਮਾਰਤ ਨਹੀਂ ਰਹੀ, ਸਗੋਂ ਕਲਾ, ਸਾਹਿਤ ਅਤੇ ਮਨੁੱਖੀ ਸਾਂਝ ਦਾ ਜਿਉਂਦਾ ਜਾਗਦਾ ਪ੍ਰਤੀਕ ਬਣ ਗਈ।

ਜਰਨੈਲ ਸਿੰਘ ਆਰਟਿਸਟ ਸਿਰਫ਼ ਚਿੱਤਰਕਾਰ ਹੀ ਨਹੀਂ, ਉਹ ਇੱਕ ਬਹੁਪੱਖੀ ਤੇ ਵਿਸ਼ਵ ਦ੍ਰਿਸ਼ਟੀ ਦੇ ਮਾਲਕ ਅਤੇ ਬਹੁਤ ਹੀ ਗਿਆਨਵਾਨ ਵਿਅਕਤੀ ਸਨ। ਉਨ੍ਹਾਂ ਨੇ ਪੰਜਾਬੀ ਅਤੇ ਵਿਸ਼ਵ ਕਲਾਸੀਕਲ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਅਤੇ ਇਹ ਗਿਆਨ ਉਨ੍ਹਾਂ ਦੇ ਜੀਵਨ, ਰਚਨਾ ਅਤੇ ਵਿਚਾਰਾਂ ਵਿੱਚ ਸਾਫ਼ ਨਜ਼ਰ ਆਉਂਦਾ ਸੀ। ਉਨ੍ਹਾਂ ਦੀਆਂ ਕਲਾਕ੍ਰਿਤਾਂ ਵਿੱਚ ਸਿਰਫ਼ ਰੰਗ ਅਤੇ ਰੂਪ ਨਹੀਂ, ਸਗੋਂ ਇਤਿਹਾਸਕ ਲਹਿਰਾਂ ਅਤੇ ਕਲਾ ਦੀ ਗਹਿਰਾਈ ਵੀ ਪ੍ਰਗਟ ਹੁੰਦੀ ਹੈ। ਉਨ੍ਹਾਂ ਦੀ ਫ਼ਿਲਮਾਂ ਬਾਰੇ ਜਾਣਕਾਰੀ ਵੀ ਬੇਮਿਸਾਲ ਸੀ। ਖ਼ਾਸ ਕਰਕੇ ਕਲਾਤਮਕ ਅਤੇ ਕਲਾਸੀਕਲ ਫ਼ਿਲਮਾਂ ਉਨ੍ਹਾਂ ਦੀ ਦਿਲਚਸਪੀ ਦਾ ਕੇਂਦਰ ਰਹੀਆਂ। ਕਿਸੇ ਵੀ ਫ਼ਿਲਮ ਦੀ ਚੋਣ, ਉਸ ਦੀ ਕਥਾ, ਕੈਮਰੇ ਦੀ ਭਾਸ਼ਾ ਅਤੇ ਦ੍ਰਿਸ਼ਟੀਕੋਣ ਬਾਰੇ ਉਹ ਬਹੁਤ ਗੰਭੀਰਤਾ ਨਾਲ ਗੱਲ ਕਰਦੇ। ਕਲਾ ਦੇ ਹਰ ਰੂਪ ਨੂੰ ਉਹ ਸਮਝਦੇ, ਮਾਣਦੇ ਅਤੇ ਜਿਉਂਦੇ ਸਨ। ਜਰਨੈਲ ਆਰਟ ਗੈਲਰੀ ਵਿੱਚ ਕਈ ਵਾਰ ਫ਼ਿਲਮਾਂ, ਕਲਾ ਅਤੇ ਸਾਹਿਤ ਬਾਰੇ ਹੋਣ ਵਾਲੀਆਂ ਪ੍ਰਦਰਸ਼ਨੀਆਂ ਅਤੇ ਚਰਚਾਵਾਂ ਵਿੱਚ ਉਨ੍ਹਾਂ ਦੀ ਟਿੱਪਣੀ ਵਿਚਾਰ-ਵਟਾਂਦਰੇ ਨੂੰ ਇੱਕ ਨਵਾਂ ਬੌਧਿਕ ਮੋੜ ਦਿੰਦੀ ਸੀ।

ਪੱਤਰਕਾਰੀ ਪ੍ਰਤੀ ਦਿਲਚਸਪੀ ਵੀ ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਦੀ ਪਹਿਚਾਣ ਸੀ। ਪੱਤਰਕਾਰਾਂ ਦੇ ਕੰਮ, ਖ਼ਬਰਾਂ ਦੀ ਸੰਵੇਦਨਸ਼ੀਲਤਾ ਅਤੇ ਸਮਾਜਿਕ ਜ਼ਿੰਮੇਵਾਰੀ ਬਾਰੇ ਉਨ੍ਹਾਂ ਨੂੰ ਵਿਸ਼ਾਲ ਗਿਆਨ ਸੀ। ਇਸੇ ਦੂਰਦਰਸ਼ੀ ਅਤੇ ਗਿਆਨ ਦੀ ਬੁਨਿਆਦ ’ਤੇ ਉਨ੍ਹਾਂ ਨੇ ਸਰੀ ਵਿੱਚ ਵੱਖ-ਵੱਖ ਅਖ਼ਬਾਰਾਂ ਦੇ ਪੱਤਰਕਾਰਾਂ ਨੂੰ ਇਕੱਠਾ ਕਰਕੇ ਪੰਜਾਬੀ ਪ੍ਰੈਸ ਕਲੱਬ ਬੀਸੀ ਦੀ ਸਥਾਪਨਾ ਕੀਤੀ। ਇਹ ਸੰਸਥਾ ਪੰਜਾਬੀ ਪੱਤਰਕਾਰ ਭਾਈਚਾਰੇ ਲਈ ਇਕ ਸਾਂਝਾ ਪਲੇਟਫਾਰਮ ਬਣ ਗਈ, ਜਿੱਥੇ ਉਹ ਆਪਣੇ ਵਿਚਾਰ ਅਤੇ ਅਨੁਭਵ ਸਾਂਝੇ ਕਰਦੇ ਹਨ। ਉਹ ਇਸ ਸੰਸਥਾ ਦੇ ਫਾਊਂਡਰ ਪ੍ਰਧਾਨ ਬਣੇ ਅਤੇ ਆਪਣੇ ਅੰਤਲੇ ਸਮੇਂ ਵੀ ਉਹ ਇਸ ਸੰਸਥਾਂ ਦੇ ਜਨਰਲ ਸਕੱਤਰ ਵਜੋਂ ਆਪਣਾ ਫਰਜ਼ ਨਿਭਾ ਰਹੇ ਸਨ। ਇਹ ਉਨ੍ਹਾਂ ਦੀ ਨਿਸ਼ਠਾ, ਲਗਨ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਤੀਕ ਸੀ। ਇੱਕ ਵਾਰ ਮੈਂ ਉਨ੍ਹਾਂ ਨੂੰ ਹੈਰਾਨੀ ਨਾਲ ਪੁੱਛਿਆ “ਜਰਨੈਲ ਸਿੰਘ ਜੀ, ਤੁਸੀਂ ਇੱਕ ਬਹੁਤ ਹੀ ਨਾਮਵਰ ਆਰਟਿਸਟ ਹੋ, ਫਿਰ ਪੱਤਰਕਾਰੀ ਵਿੱਚ ਇਹ ਦਿਲਚਸਪੀ ਕਿਵੇਂ?”

ਉਹ ਮੁਸਕਰਾ ਕੇ ਬਹੁਤ ਸਾਦਗੀ ਨਾਲ ਦੱਸਣ ਲੱਗੇ ਕਿ ਜਦੋਂ ਉਹ ਚੰਡੀਗੜ੍ਹ ਵਿੱਚ ਰਹਿੰਦੇ ਸਨ ਤਾਂ ਟ੍ਰਿਬਿਊਨ ਦੇ ਪੱਤਰਕਾਰਾਂ ਨਾਲ ਉਨ੍ਹਾਂ ਦੀ ਵਿਸ਼ੇਸ਼ ਦੋਸਤੀ ਸੀ। ਉਹ ਅਕਸਰ ਉਨ੍ਹਾਂ ਨਾਲ ਬੈਠ ਕੇ ਖ਼ਬਰਾਂ, ਰਿਪੋਰਟਾਂ ਅਤੇ ਸੰਵੇਦਨਸ਼ੀਲ ਵਿਸ਼ਿਆਂ ’ਤੇ ਗੱਲ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਪੱਤਰਕਾਰੀ ਦੇ ਤਜਰਬੇ ਨੂੰ ਨੇੜੇ ਤੋਂ ਵਾਚਿਆ ਸੀ।ਇਸ ਅਨੁਭਵ ਨੇ ਹੀ ਉਨ੍ਹਾਂ ਨੂੰ ਸਮਾਜ ਨੂੰ ਇੱਕ ਨਵੀਂ ਨਜ਼ਰ ਨਾਲ ਵੇਖਣਾ ਸਿਖਾਇਆ ਅਤੇ ਸ਼ਾਇਦ ਇਹੀ ਨਜ਼ਰੀਆ ਉਨ੍ਹਾਂ ਦੀ ਕਲਾ, ਸੋਚ ਅਤੇ ਮੇਜ਼ਬਾਨੀ ਵਿੱਚ ਵੀ ਝਲਕਦਾ ਸੀ।

ਜਰਨੈਲ ਸਿੰਘ ਆਰਟਿਸਟ ਦੀ ਸ਼ਖ਼ਸੀਅਤ ਦੀ ਸਭ ਤੋਂ ਵੱਡੀ ਖੂਬੀ ਉਨ੍ਹਾਂ ਦੀ ਨਿਮਰਤਾ ਸੀ। ਏਨੀ ਉੱਚੀ ਕਲਾ-ਸਾਧਨਾ ਦੇ ਬਾਵਜੂਦ ਉਨ੍ਹਾਂ ਦੇ ਅੰਦਰ ਕਿਤੇ ਵੀ ਹਉਮੈ ਨਹੀਂ ਸੀ। ਉਹ ਘੱਟ ਬੋਲਦੇ, ਵੱਧ ਸੁਣਦੇ ਅਤੇ ਆਪਣੇ ਰੰਗਾਂ ਰਾਹੀਂ ਸਭ ਕੁਝ ਕਹਿੰਦੇ ਸਨ। ਉਨ੍ਹਾਂ ਨੂੰ ਮਿਲ ਕੇ ਇਹ ਅਹਿਸਾਸ ਹੁੰਦਾ ਸੀ ਕਿ ਅਸਲ ਵਡੱਪਣ ਸ਼ਾਂਤ ਰਹਿਣ ਵਿੱਚ ਹੁੰਦਾ ਹੈ। ਉਨ੍ਹਾਂ ਦੀ ਮਹਾਨਤਾ ਇਸ ਗੱਲ ਵਿੱਚ ਵੀ ਹੈ ਕਿ ਉਨ੍ਹਾਂ ਨੇ ਕਲਾ, ਸਾਹਿਤ, ਫ਼ਿਲਮ ਅਤੇ ਪੱਤਰਕਾਰੀ ਦੇ ਹਰ ਰੂਪ ਨੂੰ ਆਪਣੇ ਜੀਵਨ ਵਿੱਚ ਜੋੜ ਕੇ ਇੱਕ ਸੰਤੁਲਨ ਬਣਾਇਆ। ਜਰਨੈਲ ਆਰਟ ਗੈਲਰੀ ਵਿੱਚ ਹੋਣ ਵਾਲੀ ਹਰ ਮਹਿਫ਼ਿਲ ਉਨ੍ਹਾਂ ਦੀ ਵਿਸ਼ਾਲਤਾ, ਸਾਦਗੀ ਅਤੇ ਬੇਨਿਆਜ਼ ਸਮਰਪਣ ਦੀ ਗਵਾਹ ਹੈ। ਉਨ੍ਹਾਂ ਦੀ ਮੇਜ਼ਬਾਨੀ ਸਿਰਫ਼ ਯਾਦਾਂ ਵਿੱਚ ਹੀ ਨਹੀਂ, ਸਗੋਂ ਸਰੀ ਦੇ ਸਾਹਿਤਕ ਤੇ ਸੱਭਿਆਚਾਰਕ ਜੀਵਨ ਵਿੱਚ ਹਮੇਸ਼ਾ ਲਈ ਇੱਕ ਵਿਰਾਸਤ ਵਾਂਗ ਵਸ ਗਈ। ਉਨ੍ਹਾਂ ਦੀ ਆਰਟ ਗੈਲਰੀ ਵਿੱਚ ਹੋਣ ਵਾਲੀਆਂ ਸਾਹਿਤਕ ਬੈਠਕਾਂ ਅਤੇ ਕਲਾ ਸੰਵਾਦ ਦੀਆਂ ਯਾਦਾਂ ਸਿਰਫ਼ ਇਕ ਪੀੜੀ ਤੋਂ ਦੂਜੀ ਪੀੜੀ ਤੱਕ ਗਈਆਂ ਹੀ ਨਹੀਂ, ਸਗੋਂ ਉਹ ਸਰੀ ਦੇ ਸਾਹਿਤਕ ਜੀਵਨ ਦੀ ਪ੍ਰਾਪਤੀ ਬਣ ਗਈਆਂ। ਜਰਨੈਲ ਸਿੰਘ ਆਰਟਿਸਟ ਦੀ ਦ੍ਰਿਸ਼ਟੀ, ਉਨ੍ਹਾਂ ਦੀ ਸੇਵਾ ਅਤੇ ਉਨ੍ਹਾਂ ਦੀ ਮਿਹਨਤ ਸਾਨੂੰ ਸਿਖਾਉਂਦੀ ਹੈ ਕਿ ਕਲਾ, ਸਾਹਿਤ ਅਤੇ ਸਮਾਜਿਕ ਜ਼ਿੰਮੇਵਾਰੀ ਇਕੱਠੇ ਹੋ ਕੇ ਸਮਾਜ ਦੀ ਸੱਭਿਆਚਾਰਕ ਪਛਾਣ ਬਣਾਉਂਦੇ ਹਨ।

ਨਵੰਬਰ 2024 ਦੀ ਇਕ ਯਾਦ ਚਿਤਵਿਆਂ ਹੀ ਅਕਸਰ ਮਨ ਭਰ ਜਾਂਦਾ ਹੈ। ਗੱਲ ਹੇਵਰਡ ਸ਼ਹਿਰ ਦੀ ਹੈ। ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਵੱਲੋਂ ਉੱਥੇ ਆਪਣੀ 24ਵੀਂ ਸਾਲਾਨਾ ਸਾਹਿਤਕ ਕਾਨਫਰੰਸ ਕਰਵਾਈ ਗਈ। ਇਸ ਮੌਕੇ ’ਤੇ ਅਕੈਡਮੀ ਦੇ ਪ੍ਰਧਾਨ ਅਤੇ ਸਾਡੇ ਪਿਆਰੇ ਸ਼ਾਇਰ ਮਿੱਤਰ ਕੁਲਵਿੰਦਰ ਨੇ ਸਰੀ ਵਿਚ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਕ੍ਰਿਸ਼ਨ ਭਨੋਟ, ਜਰਨੈਲ ਸਿੰਘ ਆਰਟਿਸਟ, ਗੁਰਦੀਪ ਭੁੱਲਰ, ਸਤੀਸ਼ ਗੁਲਾਟੀ, ਕਰਤਾਰ ਸਿੰਘ ਰੋਡੇ ਅਤੇ ਹਰਿੰਦਰਜੀਤ ਸੰਧੂ ਨੂੰ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ ’ਤੇ ਸੱਦਾ ਭੇਜਿਆ। ਜਰਨੈਲ ਸਿੰਘ ਆਰਟਿਸਟ ਨੇ ਉੱਥੇ ਦੋ ਦਿਨ ਆਪਣੀਆਂ ਕਲਾਕ੍ਰਿਤਾਂ ਦੀ ਨੁਮਾਇਸ਼ ਲਾਈ ਜਿਸ ਵਿੱਚ ਕੈਲੀਫੋਰਨੀਆ ਦੇ ਪੰਜਾਬੀਆਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ।

ਇਸ ਕਾਨਫਰੰਸ ਦੇ ਚਾਹ ਸੈਸ਼ਨ ਦੌਰਾਨ ਮੈਂ, ਹਰਿੰਦਰਜੀਤ ਸੰਧੂ ਅਤੇ ਜਰਨੈਲ ਸਿੰਘ ਆਰਟਿਸਟ ਆਪਸ ਵਿਚ ਬੈਠੇ ਗੱਲਾਂ ਕਰ ਰਹੇ ਸੀ। ਅਚਾਨਕ ਜਰਨੈਲ ਸਿੰਘ ਨੇ ਕਿਹਾ “ਮਾਨ ਸਾਅਬ, ਇੱਥੇ ਸਰੀ ਦੇ ਕਈ ਲੇਖਕ ਅਤੇ ਕਲਾਕਾਰ ਆਏ ਹਨ ਤੇ ਕਿਉਂ ਨਾ ਸਾਰਿਆਂ ਨੂੰ ਬੁਲਾ ਕੇ ਇਕ ਯਾਦਗਾਰੀ ਫੋਟੋ ਕਰਵਾ ਲਈਏ। ਯਾਦਾਂ ਹੀ ਰਹਿ ਜਾਂਦੀਆਂ…”। ਮੈਂ ਤੁਰੰਤ ਸਰੀ ਦੇ ਸਾਰੇ ਦੋਸਤਾਂ ਨੂੰ ਇਕੱਠਾ ਕਰ ਕੇ ਇਕ ਤਸਵੀਰ ਖਿੱਚਵਾਈ। ਜਰਨੈਲ ਸਿੰਘ ਦੇ ਮੂੰਹੋਂ ਨਿਕਲੇ ਬੋਲਾਂ ਅਨੁਸਾਰ ਇਹ ਤਸਵੀਰ ਸੱਚਮੁੱਚ ਹੀ ਯਾਦਗਾਰੀ ਅਤੇ ਅਮਰ ਬਣ ਗਈ।

ਦਸੰਬਰ 2024 ਵਿੱਚ ਜਰਨੈਲ ਸਿੰਘ ਆਰਟਿਸਟ ਨੇ ਆਪਣੀ ਪੰਜਾਬ ਯਾਤਰਾ ਦਾ ਪ੍ਰੋਗਰਾਮ ਸਾਂਝਾ ਕੀਤਾ ਤਾਂ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮਿੱਤਰਾਂ ਨੇ ਉਨ੍ਹਾਂ ਨਾਲ ਇੱਕ ਮਹਿਫ਼ਿਲ ਰਚਾਉਣ ਦਾ ਪ੍ਰੋਗਰਾਮ ਉਲੀਕ ਲਿਆ। ਜਰਨੈਲ ਸਿੰਘ ਆਰਟਿਸਟ ਤੋਂ ਇਲਾਵਾ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਅੰਗਰੇਜ਼ ਬਰਾੜ, ਹਰਦਮ ਮਾਨ, ਪਰਮਜੀਤ ਸਿੰਘ ਸੇਖੋਂ, ਅੰਤਰ ਪੰਮਾ ਅਤੇ ਤਰਲੋਚਨ ਤਰਨਤਾਰਨ ਇਸ ਮਹਿਫ਼ਿਲ ਵਿਚ ਹਾਜਰ ਹੋ ਗਏ। ਮਹਿਫ਼ਿਲ ਵਿਚ ਜਰਨੈਲ ਸਿੰਘ ਦੇ ਪੰਜਾਬ ਟੂਰ ਬਾਰੇ ਗੱਲਬਾਤ ਹੁੰਦੀ ਰਹੀ ਅਤੇ ਪੰਜਾਬ ਨਾਲ ਸਬੰਧਤ ਹੋਰ ਵੀ ਵਿਸ਼ਿਆਂ ’ਤੇ ਚਰਚਾ ਹੁੰਦੀ ਰਹੀ। ਇਸ ਮਹਿਫ਼ਿਲ ਦੌਰਾਨ ਅੰਤਰ ਪੰਮਾ ਨੇ ਕਿਹਾ ਕਿ ਪੰਜਾਬ ਜਾਣ ਤੋਂ ਪਹਿਲਾਂ ਉਹ ਵੀ ਜਰਨੈਲ ਸਿੰਘ ਆਰਟਿਸਟ ਦੇ ਮਾਣ ਵਿਚ ਇਕ ਪਾਰਟੀ ਰੱਖਣਾ ਚਾਹੁੰਦੇ ਹਨ। ਇਸ ਪਾਰਟੀ ਲਈ 8 ਦਸੰਬਰ 2024 ਦਾ ਦਿਨ ਨਿਸ਼ਚਤ ਕਰ ਲਿਆ, 10 ਦਸੰਬਰ ਨੂੰ ਤਾਂ ਜਰਨੈਲ ਸਿੰਘ ਆਰਟਿਸਟ ਨੇ ਪੰਜਾਬ ਲਈ ਰਵਾਨਾ ਹੋ ਜਾਣਾ ਸੀ। ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਹਰਦਮ ਮਾਨ, ਅੰਗਰੇਜ਼ ਬਰਾੜ, ਗੁਰਮੇਲ ਰਾਏ ਅਤੇ ਹੋਰ ਕੁਝ ਮਿੱਤਰ ਅੰਤਰ ਪੰਮਾ ਦੇ ਨਿਵਾਸ ’ਤੇ ਇਕੱਠੇ ਹੋ ਗਏ।ਇਹ ਮਹਿਫ਼ਿਲ ਖੂਬ ਯਾਦਗਾਰੀ ਬਣੀ ਅਤੇ ਸਾਰੇ ਮਿੱਤਰਾਂ ਨੇ ਜਰਨੈਲ ਸਿੰਘ ਆਰਟਿਸਟ ਨੂੰ ਪੰਜਾਬ ਯਾਤਰਾ ਲਈ ਦਿਲੀ ਸ਼ੁੱਭ ਕਾਮਨਾਵਾਂ ਦਿੱਤੀਆਂ।

ਜਰਨੈਲ ਸਿੰਘ ਆਰਟਿਸਟ ਚੰਡੀਗੜ੍ਹ ਪਹੁੰਚੇ ਗਏ। ਕੁਝ ਦਿਨਾਂ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ। ਮੋਹਨ ਗਿੱਲ, ਅੰਗਰੇਜ਼ ਬਰਾੜ ਅਤੇ ਮੈਂ ਵੀ ਫਰਵਰੀ-ਮਾਰਚ 2025 ਵਿਚ ਪੰਜਾਬ ਵਿਚ ਹੀ ਸਾਂ। ਮੋਹਨ ਗਿੱਲ ਦਾ ਇਕ ਦਿਨ ਫੋਨ ਆਇਆ ਕਿ ਜਰਨੈਲ ਸਿੰਘ ਆਰਟਿਸਟ ਦੀ ਬੀਮਾਰੀ ਗੰਭੀਰ ਹੈ ਅਤੇ ਉਹ ਫੋਰਟਿਸ ਹਸਪਤਾਲ ਵਿਚ ਜ਼ੇਰੇ-ਇਲਾਜ ਹਨ। ਫਿਰ 11 ਫਰਵਰੀ ਨੂੰ ਮਨਹੂਸ ਖ਼ਬਰ ਮਿਲੀ ਕਿ ਉਹ ਸਾਡੇ ਕੋਲੋਂ ਸਦੀਵੀ ਤੌਰ ’ਤੇ ਰੁਖਸਤ ਹੋ ਗਏ। ਸੱਚ ਨਹੀਂ ਆ ਰਿਹਾ ਸੀ ਕਿ ਦੋ ਮਹੀਨੇ ਪਹਿਲਾਂ ਹੱਸਦਾ ਖੇਡਦਾ ਆਇਆ ਸਾਡਾ ਪਿਆਰਾ ਆਰਟਿਸਟ ਜਰਨੈਲ ਸਿੰਘ ਇਉਂ ਸਦੀਵੀ ਤੌਰ ’ਤੇ ਅੱਖਾਂ ਮੀਚ ਜਾਵੇਗਾ। ਪਰ ਮੌਤ ਦੇ ਸੱਚ ਨੂੰ ਕੌਣ ਝੁਠਲਾ ਸਕਦਾ ਸੀ। ਅੰਤਰ ਪੰਮਾ ਦੇ ਘਰ ਉਨ੍ਹਾਂ ਨਾਲ ਬਿਤਾਏ ਪਲ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮਿੱਤਰਾਂ ਲਈ ਆਖਰੀ ਅਤੇ ਬੇਹੱਦ ਯਾਦਗਾਰੀ ਪਲ ਬਣ ਗਏ।

ਅੱਜ ਜਦੋਂ ਮੈਂ ਜਰਨੈਲ ਸਿੰਘ ਆਰਟਿਸਟ ਨੂੰ ਯਾਦ ਕਰਦਾ ਹਾਂ, ਉਹ ਸਿਰਫ਼ ਇੱਕ ਕਲਾਕਾਰ ਹੀ ਨਹੀਂ, ਸਗੋਂ ਮੇਰੇ ਲਈ ਜੀਵੰਤ ਪ੍ਰੇਰਣਾ ਅਤੇ ਸਰੀ ਦੀ ਸਾਹਿਤਕ ਆਤਮਾ ਦਾ ਇੱਕ ਅਮਰ ਹਿੱਸਾ ਹਨ। ਉਨ੍ਹਾਂ ਨੇ ਸਾਡੇ ਸਾਹਿਤਕ, ਕਲਾਤਮਿਕ ਅਤੇ ਸਮਾਜਿਕ ਜੀਵਨ ਨੂੰ ਇੱਕ ਅਜਿਹਾ ਦ੍ਰਿਸ਼ਟੀਕੋਣ ਦਿੱਤਾ ਜੋ ਸਦੀਵੀ ਹੈ। ਉਨ੍ਹਾਂ ਦੀਆਂ ਯਾਦਾਂ ਸਿਰਫ਼ ਕਲਾ ਦੇ ਰੰਗਾਂ ਵਿੱਚ ਨਹੀਂ, ਸਗੋਂ ਦਿਲਾਂ ਵਿੱਚ ਵੀ ਜਿਉਂਦੀਆਂ ਹਨ। ਇਹ ਯਾਦਾਂ ਹਰ ਕਲਾਕਾਰ,ਸਾਹਿਤਕਾਰ, ਵਿਦਵਾਨ, ਕਲਾ-ਪ੍ਰੇਮੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸੋਮਾ ਬਣੀਆਂ ਰਹਿਣਗੀਆਂ। ਜਰਨੈਲ ਸਿੰਘ ਸਾਡੇ ਦਰਮਿਆਨ ਸਰੀਰਕ ਤੌਰ ’ਤੇ ਨਹੀਂ ਰਹੇ ਪਰ ਉਹ ਹਰ ਉਸ ਅੱਖ ਵਿੱਚ ਜ਼ਿੰਦਾ ਰਹਿਣਗੇ ਜੋ ਉਨ੍ਹਾਂ ਦੀ ਕਲਾ ਨੂੰ ਮਹਿਸੂਸ ਕਰਦੀ ਹੈ। ਉਨ੍ਹਾਂ ਦੇ ਰੰਗ ਅਜੇ ਵੀ ਬੋਲਦੇ ਹਨ, ਉਨ੍ਹਾਂ ਦੇ ਚਿੱਤਰ ਅਜੇ ਵੀ ਸਵਾਲ ਪੁੱਛਦੇ ਹਨ ਅਤੇ ਉਨ੍ਹਾਂ ਦੀ ਚੁੱਪ ਅਜੇ ਵੀ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ।